ਸਮਾਜਿਕ ਚੇਤਨਤਾ ਦਾ ਪ੍ਰਤੀਕ
ਤਿਮਾਹੀ ਮੈਗਜ਼ੀਨ

19
ਅਕਤੂਬਰ - ਦਸੰਬਰ 2015

# ਸੈਣੀ ਸੰਸਾਰ
# Saini Sansar




## ਅੰਦਰ ਪੜ੍ਹੋ....

- ਸੈਣੀ ਬਰਾਦਰੀ ਦਾ ਖੋਜਭਰਪੂਰ ਇਤਿਹਾਸ
- ਸੁਨਹਿਰੀ ਧਰਤੀ ਕੈਲੇਫੋਰਨੀਆ
- ਸੈਣੀ ਭਵਨ ਦੀਆਂ ਸਰਗਰਮੀਆਂ
- ਸਿਹਤ ਸੰਭਾਲ
- ਨਰੋਈ ਜੀਵਨ-ਜਾਚ
- ਦਾਨੀ ਪੁਰਸ਼
- ਰੌਚਕ ਸਾਹਿਤਿਕ ਰਚਨਾਵਾਂ
- ਸਮਾਜਿਕ ਚੇਤਨਤਾ
- ਸਫ਼ਲ ਸੈਣੀ ਸ਼ਖ਼ਸ਼ੀਅਤਾਂ
- ਲੜਕੇ-ਲੜਕੀਆਂ ਲਈ ਯੋਗ ਵਰ

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - V, Issue - IV

# Saini Sansar

(Quarterly)

Ocotber - December 2015

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**PATRON**

**Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

India : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

Australia : **S. Malkiat Singh Saini,**
5-Galea Drive, Gleawood-2768, New Sydney, Ausralia

U.S.A. : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

U.K. : **Sh. Tarsem Singh Saini**
# 14, Forest Road, Cambridge-CB1 9JB (U.K.)

Canada : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

Date of Publication : 05.10.2015

# ਸੈਣੀ ਸੰਸਾਰ
(ਤਿਮਾਹੀ)

ਜਿਲਦ 5, ਅੰਕ 4 — ਅਕਤੂਬਰ- ਦਸੰਬਰ 2015

**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@yahoo.com

**ਪ੍ਰਕਾਸ਼ਨਾ ਸਥਾਨ**
ਸੈਣੀ ਭਵਨ
ਰੂਪਨਗਰ - 140001 (ਪੰਜਾਬ)



**ਮੁੱਖ ਸੰਪਾਦਕ (ਆਨਰੇਰੀ)**
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)



ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗ਼ੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।


**ਮੁੱਖ ਕਵਰ 'ਤੇ ਫੋਟੋ :**
ਰੋਪੜ ਵਿਖੇ 26 ਅਕਤੂਬਰ 1831 ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਂਟਿੰਕ ਵਿਚਕਾਰ ਹੋਈ ਸੰਧੀ ਦਾ ਸਥਾਨ।

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸੈਣੀ ਭਵਨ ਰੂਪਨਗਰ ਕੀ ਹੈ ? | 5-6 |
| ਸੈਣੀ ਇਤਿਹਾਸ | 7-8 |
| ਕਹਾਣੀ - ਗੰਗਾ | 9-10 |
| ਵੇਖੀ ਸੁਣੀ ਸੁਨਹਿਰੀ ਧਰਤੀ - ਕੈਲੇਫੋਰਨੀਆ | 11-14 |
| ਯੋਗ ਸਿੱਖਿਆ - ਨੇਤਰ ਸੁਰੱਖਿਆ | 15 |
| ਸੈਣੀ ਭਵਨ ਦੀਆਂ ਸਰਗਰਮੀਆਂ | 16-18 |
| ਮੈਗਜ਼ੀਨ ਦੇ ਪੰਜ-ਸਾਲਾ ਮੈਂਬਰ | 19 |
| ਅਣਡਿੱਠੇ ਫਰਜ਼ | 20 |
| ਸਾਊਦੀ ਅਰਬ ਦਾ ਛੇਵਾਂ ਬਾਦਸ਼ਾਹ | 21 |
| ਦੱਸੋ ਧੀ ਕਿੱਥੇ ਜਾਵੇ ? | 22 |
| Breast Cancer | 23-24 |
| ਸੈਣੀ ਕੌਮ ਦੇ ਬਹੁਮੁੱਲੇ ਹੀਰੇ | 25 |
| Scholarships for the year 2015-16 | 26 |
| Black Gold from sea | 27 |
| ਨਹੀਂ ਲੱਭਣੇ ਲਾਲ ਗੁਆਚੇ | 28 |
| ਕਵਿਤਾਵਾਂ | 29 |
| ਸਿਹਤ ਵਿਭਾਗ ਪੰਜਾਬ ਦੀਆਂ ਭਲਾਈ ਸਕੀਮਾਂ | 30 |
| ਕਿਉਂ ਖਤਮ ਹੋ ਗਈਆਂ ਘਰਾਂ ਵਿੱਚੋਂ ਚਿੜੀਆਂ? | 31 |
| ਅਬਦੁੱਲ ਕਲਾਮ ਨੂੰ ਹੰਝੂਆਂ ਭਰੀ ਅਲਵਿਦਾ | 32 |
| ਗਜ਼ਲ ਅਤੇ ਸੂਚਨਾਵਾਂ | 33 |
| ਸੱਤ ਸਮੁੰਦਰੋਂ ਪਾਰ | 34 |
| Matrimonials | 35-40 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 01881-226588) ਤੋਂ ਤਿਆਰ ਕਰਵਾਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ

ਅਜਮੇਰ ਸਿੰਘ (ਡਾ.)



### ਆਓ ! ਹੰਭਲਾ ਮਾਰੀਏ।

ਵਿਦੇਸ਼ਾਂ ਵਿੱਚ ਆਪਣਾ ਵਿਹਲਾ ਸਮਾਂ ਲੰਘਾਉਣ ਲਈ ਪਾਰਕਾਂ 'ਚ ਬੈਠੇ ਭਾਰਤੀ ਬਜ਼ੁਰਗਾਂ ਵਿਚਕਾਰ ਚਰਚਾ ਦਾ ਵਿਸ਼ਾ ਆਮ ਤੌਰ ਤੇ ਭਾਰਤ ਦਾ ਮਾੜਾ ਰਾਜ ਪ੍ਰਬੰਧ ਹੀ ਹੁੰਦਾ ਹੈ।ਉਹ ਉਪਰੋਂ ਉਪਰੋਂ ਤਾਂ ਹਾਸੇ-ਮਖੌਲ ਵਿੱਚ ਭਾਵੇਂ ਵਿਅੰਗ ਕਰਦੇ ਹਨ ਪਰੰਤੂ ਧੁਰ ਅੰਦਰੋਂ ਆਪਣੀ ਜਨਮਭੂਮੀ ਦੀ ਤਰਸਯੋਗ ਹਾਲਤ ਪ੍ਰਤਿ ਚਿੰਤਤ ਹੁੰਦੇ ਹਨ। ਅਕਸਰ ਉਨ੍ਹਾਂ ਨੇ ਬਚਪਨ ਤੇ ਜਵਾਨੀ ਭਾਰਤ ਵਿੱਚ ਬਿਤਾਏ ਹਨ ਅਤੇ ਉਨ੍ਹਾਂ ਦੇ ਬਹੁਗਿਣਤੀ ਰਿਸ਼ਤੇਦਾਰ ਤੇ ਦੋਸਤ ਵੀ ਇੱਧਰ ਹੀ ਹੁੰਦੇ ਹਨ। ਭਾਰਤ ਵਿੱਚ ਵਾਪਰਦੀ ਹਰ ਘਟਨਾ ਉਨ੍ਹਾਂ ਨੂੰ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਦਾ ਸਿੱਧਾ ਹਮਲਾ ਤਾਂ ਭ੍ਰਿਸ਼ਟਾਚਾਰੀ ਤੇ ਸਵਾਰਥੀ ਰਾਜਨੀਤਿਕ ਨੇਤਾਵਾਂ 'ਤੇ ਹੀ ਹੁੰਦਾ ਹੈ। ਉਂਜ ਕੁੱਝ ਬੇਹਿਸਾਬ ਆਬਾਦੀ ਦੇ ਵਾਧੇ ਅਤੇ ਅਖੌਤੀ ਧਾਰਮਿਕ ਪਾਖੰਡ ਤੇ ਵਿਹਲੜਪਣ ਨੂੰ ਵੀ ਭਾਰਤ ਦੇ ਪਿਛੜੇਪਣ ਦਾ ਕਾਰਨ ਮੰਨਦੇ ਹਨ। ਇਸ ਦਰਦ ਨੂੰ ਭਾਰਤ ਵਿੱਚ ਵਸਦੇ ਲੋਕ ਘੱਟ ਮਹਿਸੂਸ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਵਿਕਸਿਤ ਦੇਸ਼ਾਂ ਵਿੱਚ ਉਪਲਬਧ ਸਹੂਲਤਾਂ ਨੂੰ ਨਹੀਂ ਭੋਗਿਆ ਹੁੰਦਾ। ਇਸ ਤੋਂ ਇਲਾਵਾ ਰਾਜਸੀ ਤੇ ਸਮਾਜੀ ਦਬਾਵਾਂ ਕਾਰਨ ਉਹ ਆਪਣੇ ਵਿਚਾਰ ਆਜ਼ਾਦੀ ਨਾਲ ਪ੍ਰਗਟ ਕਰਨ ਤੋਂ ਵੀ ਅਸਮਰਥ ਹੁੰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ, ਸੰਸਾਰ ਦੇ ਬਹੁਤੇ ਦੇਸ਼ਾਂ ਅਤੇ ਵਿਸ਼ੇਸ਼ ਕਰਕੇ ਯੂਰਪੀਅਨ ਦੇਸ਼ਾਂ ਤੋਂ ਬਹੁਤ ਪਛੜਿਆ ਹੋਇਆ ਹੈ। ਜੇ ਕੇਵਲ ਅਮਰੀਕਾ ਦੇਸ਼ ਦੀ ਹੀ ਗੱਲ ਕਰੀਏ ਤਾਂ ਇੱਥੇ ਕੁਦਰਤੀ ਨਿਹਮਤਾਂ ਪੱਖੋ ਸਭ ਕੁੱਝ ਹੀ ਅੱਛਾ ਨਹੀਂ ਹੈ। ਇੱਥੇ ਮਾਰੂਥਲ ਤੇ ਬੰਜਰ ਧਰਤੀ ਵੀ ਹੈ, ਭੂਚਾਲ ਤੇ ਹੜ੍ਹ ਵੀ ਆਉਦੇ ਹਨ, ਸਮੁੰਦਰੀ ਤੂਫਾਨ ਤੇ ਜਵਾਲਾਮੁਖੀ ਜਿਹੀਆਂ ਕੁਦਰਤੀ ਆਫਤਾਂ ਵਾਪਰਦੀਆਂ ਹਨ, ਪਹਾੜ ਵੀ ਕੋਈ ਜ਼ਿਆਦਾ ਲਾਭਕਾਰੀ ਨਹੀਂ ਅਤੇ ਮੌਸਮ ਵੀ ਦੋਸਤਾਨਾ ਨਹੀਂ ਪਰਤੂੰ ਉਪਲਬਧ ਸਰੋਤਾਂ ਨੂੰ ਇਸ ਢੰਗ ਨਾਲ ਢਾਲਿਆ ਤੇ ਵਰਤਿਆ ਜਾਂਦਾ ਕਿ ਲੋਕਾਂ ਨੂੰ ਕੋਈ ਘਾਟ ਜਾਂ ਔਖ ਮਹਿਸੂਸ ਨਾ ਹੋਵੇ। ਲੋਕਾਂ ਦੀ ਸਹੂਲਤ ਲਈ ਉਨ੍ਹਾਂ ਦੀ ਸਹਿਮਤੀ ਨਾਲ ਜੋ ਵੀ ਕਾਨੂੰਨ ਤੇ ਨਿਯਮ ਬਣਾਏ ਜਾਂਦੇ ਹਨ ਉਨ੍ਹਾਂ ਨੂੰ ਇੰਨ ਬਿੰਨ ਲਾਗੂ ਕਰਵਾਉਣਾ ਸਰਕਾਰ ਦੀ ਸਭ ਤੋ ਪਹਿਲੀ ਜ਼ਿੰਮੇਵਾਰੀ ਹੈ। ਕੋਈ ਵੀ ਰਾਜਨੀਤਿਕ ਆਗੂ ਜਾਂ ਧਨਾਢ ਕਾਨੂੰਨ ਤੋ ਉੱਪਰ ਨਹੀ। ਲੋਕਾਂ ਅਤੇ ਸਰਕਾਰ ਵਿਚਕਾਰ ਇੰਨਾ ਤਾਲਮੇਲ ਹੈ ਕਿ ਅਸਲ ਅਰਥਾਂ ਵਿੱਚ ਲੋਕਤੰਤਰ ਵਿਖਾਈ ਦਿੰਦਾ ਹੈ। ਅਮੀਰ ਤੇ ਗਰੀਬ ਤਾਂ ਇੱਥੇ ਵੀ ਹਨ ਪਰਤੂੰ ਕੋਈ ਵੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਤੋਂ ਅਵਾਜ਼ਾਰ ਨਹੀਂ। ਕਾਮੇ ਨੂੰ ਉਸਦੀ ਮਿਹਨਤ ਦਾ ਪੂਰਾ ਮੁੱਲ ਮਿਲਦਾ ਹੈ। ਰਾਜਨੀਤਿਕ ਨੇਤਾ, ਕਾਰਜਕਰਨੀ (ਅਧਿਕਾਰੀਆਂ) ਦੇ ਰੋਜ਼ਾਨਾ ਦਫ਼ਤਰੀ ਕੰਮ-ਕਾਜਾਂ ਵਿੱਚ ਕੋਈ ਦਖ਼ਲ ਅੰਦਾਜ਼ੀ ਨਹੀਂ ਕਰਦੇ ਅਤੇ ਆਪਣੇ ਵਿਵਹਾਰ ਨਾਲ ਲੋਕਾਂ ਲਈ ਮੁਸ਼ਕਲਾਂ ਖੜ੍ਹੀਆਂ ਨਹੀਂ ਕਰਦੇ।

ਅਜਿਹੇ ਸੁਖਦ ਮਾਹੌਲ ਵਿੱਚ ਵਿਚਰਦਾ ਭਾਰਤੀ ਸੋਚਣ ਲਈ ਮਜ਼ਬੂਰ ਹੁੰਦਾ ਹੈ ਕਿ ਇਹ ਸਭ ਕੁੱਝ ਮੇਰੇ ਦੇਸ਼ ਵਿੱਚ ਕਿਉ ਨਹੀ ਹੋ ਸਕਦਾ? ਜਦੋਂ ਕਿ ਭਾਰਤ ਹਰ ਪ੍ਰਕਾਰ ਦੀਆਂ ਕੁਦਰਤੀ ਦਾਤਾਂ ਨਾਲ ਮਾਲੋਮਾਲ ਹੈ। ਜੇ ਭਾਰਤ ਵਿੱਚ ਰੁਜ਼ਗਾਰ ਦੇ ਢੁਕਵੇਂ ਮੌਕੇ ਮਿਲਣ ਅਤੇ ਕਿਰਤੀ ਨੂੰ ਬਣਦਾ ਮੁਆਵਜ਼ਾ ਮਿਲੇ ਤਾਂ ਨੌਜਵਾਨ ਵਿਦੇਸ਼ਾਂ ਵਿੱਚ ਕਿਉਂ ਧੱਕੇ ਖਾਣ? ਉਹੀ ਨੌਜਵਾਨ ਵਿਕਸਿਤ ਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਦੇਸ਼ਾਂ ਲਈ ਸਰਮਾਇਆ ਸਿੱਧ ਹੁੰਦੇ ਹਨ। ਉਹ ਉੱਚ ਸਿੱਖਿਆ ਤਾਂ ਭਾਰਤ ਵਿੱਚ ਪਾਉਂਦੇ ਹਨ ਪਰੰਤੂ ਕਮਾਈ ਦੂਜੇ ਦੇਸ਼ਾਂ ਲਈ ਕਰਦੇ ਹਨ। ਭਾਰਤ ਦੇ ਭੰਡਾਰਾਂ ਵਿੱਚ ਅਨਾਜ ਸੜ ਰਿਹਾ ਹੈ ਜਦੋਂਕਿ ਲੱਖਾਂ ਗਰੀਬਾਂ ਨੂੰ ਢਿੱਡਭਰਵਾਂ ਖਾਣਾ ਨਸੀਬ ਨਹੀਂ ਹੁੰਦਾ। ਦੇਸ਼ ਦੇ ਰਾਜਨੀਤਿਕ ਨੇਤਾ ਤੇ ਉਨ੍ਹਾਂ ਦੇ ਪਾਲੇ-ਪਲੋਸੇ ਵਿਹਲੜ ਅਮੀਰ ਹੁੰਦੇ ਜਾ ਰਹੇ ਹਨ ਪਰੰਤੂ ਇਮਾਨਦਾਰ ਤੇ ਦੇਸ਼ਭਗਤ, ਅੰਨਦਾਤਾ ਤੇ ਮੱਤਦਾਤਾ ਕੰਗਾਲ ਹੋ ਰਿਹਾ ਹੈ। ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਕਾਨੂੰਨਘਾੜ ਆਪ ਹੀ ਕਾਨੂੰਨ ਬਣਾਉਂਦੇ ਹਨ ਅਤੇ ਫਿਰ ਆਪਣੇ ਨਿਜੀ ਲਾਭਾਂ ਹਿਤ ਉਨ੍ਹਾਂ ਨੂੰ ਤੋੜਦੇ ਹਨ। ਉਹ ਅਧਿਕਾਰੀਆਂ ਨੂੰ ਆਪਣੀ ਮਨਮਰਜ਼ੀ ਅਨੁਸਾਰ ਹਦਾਇਤਾਂ ਦੇ ਭ੍ਰਿਸ਼ਟਾਚਾਰੀ ਬਣਾਉਂਦੇ ਹਨ ਜਿਸ ਨਾਲ ਦੋਵੇਂ ਧਿਰਾਂ ਦੀ ਵਿਤੀ ਹਿੱਸੇਦਾਰੀ ਕਾਇਮ ਰਹਿੰਦੀ ਹੈ। ਕਹਿਣ ਨੂੰ ਤਾਂ ਭਾਰਤ ਲੋਕਤੰਤਰੀ ਦੇਸ਼ ਹੈ ਪਰੰਤੂ ਵਿੰਗੇ-ਟੇਢੇ ਢੰਗਾਂ ਨਾਲ ਚੋਣ ਜਿੱਤਣ ਉਪਰੰਤ ਨੇਤਾ ਨੂੰ ਪੰਜ ਸਾਲ ਤੱਕ ਕੁਰਸੀ ਤੋਂ ਲਾਹੁਣ ਦਾ ਵੋਟਰਾਂ ਪਾਸ ਕੋਈ ਅਧਿਕਾਰ ਨਹੀ ਭਾਵੇਂ ਉਹ ਕਿੰਨਾ ਹੀ ਭ੍ਰਿਸ਼ਟਾਚਾਰੀ ਤੇ ਦੁਰਾਚਾਰੀ ਹੋ ਜਾਵੇ। ਜੇ ਵੱਧ ਆਬਾਦੀ ਹੀ ਭਾਰਤ ਦੇ ਪਿਛੜੇਪਨ ਦਾ ਇੱਕਮਾਤਰ ਕਾਰਨ ਹੋਵੇ ਤਾਂ ਚੀਨ ਇਸ ਤੋਂ ਵੱਧ ਪਿਛੜਿਆ ਹੋਣਾ ਚਾਹੀਦਾ ਸੀ। ਉਸ ਦੇਸ਼ ਨੇ ਤਾਂ ਉਤਪਾਦਨ ਦੇ ਮਾਮਲੇ ਵਿੱਚ ਅਮਰੀਕਾ ਨੂੰ ਵੀ ਵਖ਼ਤ ਪਾਇਆ ਹੋਇਆ ਹੈ।

ਸੂਖਮਤਾ ਨਾਲ ਘੋਖਿਆਂ ਭਾਸਦਾ ਹੈ ਕਿ ਭਾਰਤ ਦੇ ਪਿਛੜੇਪਨ ਦਾ ਮੁੱਖ ਕਾਰਨ ਇਸਦੇ ਵਿਰਸੇ ਵਿੱਚ ਹੀ ਕਿਤੇ ਛੁਪਿਆ ਹੋਇਆ ਹੈ ਜਿਸਨੂੰ ਗੰਭੀਰਤਾ ਤੇ ਸੰਜੀਦਗੀ ਨਾਲ ਵਿਚਾਰਨ ਦੀ ਆਵਸ਼ਕਤਾ ਹੈ। ਪੁਰਾਤਨ ਸਮਿਆਂ ਤੋਂ ਹੀ ਭਾਰਤ ਵਿੱਚ ਧਾਰਮਿਕ ਵਿਚਾਰਧਾਰਾ ਭਾਰੂ ਰਹੀ ਹੈ। ਇਸਦੇ ਪ੍ਰਮੁੱਖ ਗ੍ਰੰਥਾਂ; ਵੇਦਾਂ, ਪੁਰਾਣਾ ਤੇ ਉਪਨਿਸ਼ਦਾਂ ਵਿੱਚ ਸ੍ਰਿਸ਼ਟੀ ਦੇ ਕਰਤਾ-ਪ੍ਰਮਾਤਮਾ, ਜੀਵਾਤਮਾ, ਮਨੁੱਖੀ ਜੀਵਨ ਦੇ ਰੂਹਾਨੀ ਉਦੇਸ਼ਾਂ, ਮੌਤ ਤੇ ਪੁਨਰਜਨਮ ਜਿਹੇ ਭੇਦਾਂ ਨੂੰ ਖੋਲ੍ਹਿਆ ਗਿਆ ਹੈ। ਇਹ ਨਿਰੋਲ ਦਾਰਸ਼ਨਿਕ ਗਿਆਨ ਸੀ ਜਿਸਨੇ ਵਿਦਵਤਾਭਰਪੂਰ, ਦੈਵੀ ਤੇ ਪ੍ਰਤਿਭਾਸ਼ਾਲੀ ਵਿਅਕਤੀਆਂ ਦੀ ਸਿਰਜਣਾ ਕੀਤੀ। ਉਦੋਂ ਦੇ ਅਤਿ ਸਰਲ ਸਮਾਜ ਲਈ ਇਹ ਕਾਰਜ ਕਾਰਗਰ ਤੇ ਬਹੁਮੁੱਲਾ ਸੀ। ਫਿਰ ਜਦੋਂ ਕਬੀਲੇ ਹੋਂਦ

ਵਿੱਚ ਆਏ ਤਾਂ ਉਨਾਂ ਵਿਚਕਾਰ ਸੱਤਾ ਲਈ ਹੱਥਿਆਰਬੰਦ ਸੰਘਰਸ਼ ਹੋਣ ਲੱਗੇ ਅਤੇ ਫਿਰ ਪਦਾਰਥਾਂ ਨੂੰ ਮਨੁੱਖੀ ਸਹੂਲਤਾਂ ਦੇ ਅਨੁਕੂਲ ਕਰਨ ਲਈ ਵਿਗਿਆਨਕ ਖੋਜਾਂ ਆਰੰਭ ਹੋਈਆਂ ਤਾਂ ਸਮਾਜਿਕ ਬਣਤਰ ਗੁੰਝਲਦਾਰ ਹੋਣ ਲੱਗੀ। ਇਸ ਸਮੇਂ ਸਮਾਜਿਕ ਵਿਕਾਸ ਤੇ ਰਾਜਨੀਤਿਕ ਦਾਓਪੇਚਾਂ ਦੀ ਆਰੰਭਤਾ ਹੋਈ। ਧਾਰਮਿਕ ਸਿੱਖਿਆ ਵਿੱਚ ਵੀ ਸਦਾਚਾਰਕ ਕਦਰਾਂ-ਕੀਮਤਾਂ ਤੇ ਮਾਨਵਵਾਦੀ ਕੰਮਾਂ ਦਾ ਪ੍ਰਚਾਰ ਹੋਣ ਲੱਗਾ। ਦਸਵੀਂ ਸਦੀ ਈਸਵੀ ਤੱਕ ਭਾਰਤ ਵਿੱਚ ਧਰਮ ਤੇ ਰਾਜਨੀਤੀ ਦਾ ਸੁਮੇਲ ਚਲਦਾ ਰਿਹਾ। ਰਾਜਸੱਤਾ ਵਿੱਚ ਵੀ ਧਰਮ ਦਾ ਹੱਥ ਉੱਪਰ ਰਿਹਾ ਭਾਵ ਕਿ ਰਾਜਨੀਤੀ, ਧਾਰਮਿਕ ਸੀ। ਗਿਆਹਰਵੀਂ ਸਦੀ ਤੋਂ ਭਾਰਤ 'ਤੇ ਪਠਾਣਾਂ ਤੇ ਮੁਗਲਾਂ ਦੇ ਹਮਲੇ ਸ਼ੁਰੂ ਹੋਏ ਤਾਂ ਭਾਰਤ ਦਾ ਸਮਾਜਿਕ ਤਾਣਾਬਾਣਾ ਉਲਝਣ ਲੱਗਾ। ਸਮਾਜ ਵਿੱਚ ਧਾਰਮਿਕ ਪਾਖੰਡਵਾਦ, ਕਰਮਕਾਂਡ ਤੇ ਧਾਰਮਿਕ ਕੱਟੜਤਾ ਭਾਰੂ ਹੋਣ ਲੱਗੇ। ਰਾਜੇ, ਦੂਜੇ ਧਰਮਾਂ ਦੇ ਲੋਕਾਂ 'ਤੇ ਜ਼ੁਲਮ ਕਰਨ ਲੱਗੇ। ਉਸ ਸਮੇਂ ਜਦੋਂ ਯੂਰਪ ਦੇ ਦੇਸ਼ਾਂ ਵਿੱਚ ਪੁਨਰਜਾਗ੍ਰਿਤੀ ਦੀ ਲਹਿਰ ਚੱਲ ਰਹੀ ਸੀ ਤਾਂ ਭਾਰਤੀ ਆਪਣੀ ਸੱਭਿਆਚਾਰਕ ਹੋਂਦ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਸਨ। ਇਸ ਸਮੇਂ ਹੀ ਭਾਰਤ ਵਿੱਚ ਭਗਤੀ ਲਹਿਰ ਦੇ ਸੰਤਾਂ, ਭਗਤਾਂ ਤੇ ਗੁਰੂਆਂ ਨੇ ਲੋਕਾਂ ਨੂੰ ਧਾਰਮਿਕ ਪਾਖੰਡਵਾਦ ਤੇ ਕਰਮਕਾਂਡਾਂ ਵਿੱਚੋ ਨਿਕਲ ਕੇ ਕਿਰਤ ਕਰਨ, ਵੰਡ ਛਕਣ, ਸਰਬੱਤ ਦੇ ਭਲੇ, ਸੱਚ ਆਚਾਰ, ਏਕ ਪਿਤਾ, ਕੁਦਰਤ ਦੇ ਸਭ ਬੰਦੇ ਜਿਹੇ ਮਾਨਵਪੱਖੀ ਉਪਦੇਸ਼ਾਂ ਤੇ ਅਮਲ ਕਰਨ ਲਈ ਪ੍ਰੇਰਿਆ। ਉਨ੍ਹਾਂ ਨੇ ਪਰਮਾਤਮਾ ਨੂੰ ਸਰਬਸ਼ਕਤੀਮਾਨ, ਸਰਬਗਿਆਤਾ ਤੇ ਸਰਬਵਿਆਪਕ ਆਖ ਕੇ ਮਨੁੱਖ ਨੂੰ ਉਸਦੇ ਡਰ ਅਧੀਨ ਬੇਈਮਾਨੀ, ਜ਼ੁਲਮ ਤੇ ਕੁਕਰਮ ਕਰਨ ਤੋਂ ਵਰਜਿਆ। ਉਨ੍ਹਾਂ ਨੇ ਰਾਜਿਆਂ ਨੂੰ ਆਪਣੀ ਪਰਜਾ ਦੀ ਸੁਰੱਖਿਆ, ਸੇਵਾ ਤੇ ਪਾਲਣਾ ਕਰਨ ਦੀ ਸਿੱਖਿਆ ਦਿੱਤੀ। ਇਹ ਰੂਹਾਨੀ ਤੇ ਸਦਾਚਾਰਕ ਸਿੱਖਿਆ ਵੀ ਰਾਜਿਆਂ ਦੇ ਜ਼ੁਲਮਾਂ ਨੂੰ ਠੱਲ੍ਹ ਨਾ ਪਾ ਸਕੀ। ਅੰਗਰੇਜੀ ਰਾਜ ਸਮੇਂ ਭਾਰਤ ਦੇ ਦਰਵਾਜੇ ਵਿਦੇਸ਼ਾਂ ਵੱਲ ਤਾਂ ਖੁਲ੍ਹ ਗਏ ਪਰੰਤੂ ਸਮਾਜਿਕ ਪ੍ਰਬੰਧ ਵਿੱਚ ਕੋਈ ਵਿਸ਼ੇਸ਼ ਪਰਿਵਰਤਨ ਨਾ ਆਇਆ, ਸਗੋਂ ਧਾਰਮਿਕ ਦੋਗਲਾਪਣ ਵਿਖਾਵਾ ਤੇ ਪਾਖੰਡ ਹੋਰ ਵੀ ਵੱਧਣ ਲੱਗਾ।

ਹੁਣ ਆਜ਼ਾਦੀ ਤੋਂ ਬਾਅਦ ਹੋਂਦ ਵਿੱਚ ਆਏ ਭਾਰਤੀ ਸੰਵਿਧਾਨ ਦੀ 'ਧਰਮਨਿਰਪੇਖਤਾ', ਮੱਦ ਦਾ ਅਰਥ ਵੀ ਕੁਰਸੀ ਦੇ ਭੁੱਖੇ ਨੇਤਾਵਾਂ ਨੇ ਆਪਣੀ ਲੋੜ ਅਨੁਸਾਰ ਕੱਢਿਆ ਹੈ। ਜਿਸ ਸਰਕਾਰ ਨੇ ਕਿਸੇ ਵੀ ਧਰਮ ਨੂੰ ਰਾਜਨੀਤਿਕ ਸੱਤਾ ਵਿੱਚ ਸਥਾਨ ਨਾ ਦੇਣ ਦਾ ਪ੍ਰਣ ਲਿਆ ਸੀ ਉਹ ਲੋਕਾਂ ਦੇ ਪੈਸਿਆਂ ਨੂੰ ਧਾਰਮਿਕ ਡੇਰਿਆਂ ਤੇ ਜਾ ਕੇ ਵੰਡਦੇ ਫਿਰਦੇ ਹਨ। ਇਨ੍ਹਾਂ ਸਵਾਰਥੀ ਰਾਜਨੀਤਿਕ ਨੇਤਾਵਾਂ ਨੇ ਗੁਰੂਆਂ ਦੇ "ਸਾਧ-ਸੰਗਤ" ਸੰਕਲਪ ਨੂੰ ਵੀ ਵਿਹਲੜਾਂ, ਹੁੱਲੜਵਾਜਾਂ ਤੇ ਅਨਾੜੀ ਲੋਕਾਂ ਦਾ ਇਕੱਠ ਸਮਝ ਲਿਆ ਹੈ। ਅਸਲ ਵਿੱਚ ਭ੍ਰਿਸ਼ਟ ਤੇ ਕਪਟੀ ਰਾਜਨੀਤੀਵਾਨਾ ਨੇ ਧਰਮ ਨੂੰ ਆਪਣਾ ਹੱਥਠੋਕਾ ਬਣਾ ਕੇ, ਲੋਕਾਂ ਤੋਂ ਵੋਟਾਂ ਹਾਸਲ ਕਰਨ ਦਾ ਇੱਕ ਸੌਖਾ ਸਾਧਨ ਬਣਾ ਲਿਆ ਹੈ। ਜਦੋਂ ਵੀ ਕਿਸੇ ਰਾਜਨੀਤਿਕ ਪਾਰਟੀ ਨੂੰ ਸੱਤਾ ਖੁੱਸਣ ਦਾ ਖਦਸ਼ਾ ਹੋਣ ਲਗਦਾ ਹੈ ਉਸਦੇ ਨੇਤਾ ਕਿਸੇ ਵਿਸ਼ੇਸ਼ ਧਰਮ ਨੂੰ ਖਤਰੇ ਦਾ ਹਊਆ ਖੜ੍ਹਾ ਕਰਕੇ ਲੋਕਾਂ ਨੂੰ ਲੜਾ ਦਿੰਦੇ ਹਨ। ਲੋਕਾਂ ਦਾ ਭਾਵੇਂ ਘਾਣ ਹੋ ਜਾਵੇ ਪਰੰਤੂ ਨੇਤਾ ਦੀਆਂ ਵੋਟਾਂ ਪੱਕੀਆਂ ਹੋ ਜਾਂਦੀਆ ਹਨ। ਹੁਣ ਧਰਮ ਰਾਜਨੀਤਿਕ ਹੋ ਗਿਆ ਹੈ। ਇਸ ਲਈ ਹੁਣ ਲੋੜ ਹੈ ਕਿ ਧਾਰਮਿਕ ਵਿਚਾਰਧਾਰਾ ਨੂੰ ਰਾਜਨੀਤੀ ਨਾਲੋਂ ਨਿਖੇੜ ਕੇ, ਇਸਨੂੰ ਵਿਅਕਤੀਗਤ ਸੁਧਾਰ ਦਾ ਸਾਧਨ ਬਣਾਇਆ ਜਾਵੇ। ਇਸ ਨਾਲ ਮਨੁੱਖ ਵਿੱਚ ਸੰਤੋਖ, ਦਇਆ, ਕਿਰਤ, ਸੰਜਮ, ਸਾਂਝੀਵਾਲਤਾ, ਮਨੁੱਖੀ ਪਿਆਰ, ਮਿੱਠਤ, ਨਿਮਰਤਾ, ਇਮਾਨਦਾਰੀ, ਨਿਸ਼ਠਾ ਤੇ ਠਰ੍ਹੰਮਾ ਜਿਹੇ ਸਦਗੁਣ ਆਉਣਗੇ ਜੋ ਇੱਕ ਵਧੀਆ ਸਮਾਜ ਲਈ ਜ਼ਰੂਰੀ ਹਨ।

ਭਾਰਤ ਦੇ ਰਾਜਪ੍ਰਬੰਧ ਨੂੰ ਠੀਕ ਕਰਨ ਦੀ ਮੁੱਖ ਜ਼ਿੰਮੇਵਾਰੀ ਲੋਕਾਂ ਦੀ ਹੈ। ਉਨ੍ਹਾਂ ਦਾ ਫਰਜ਼ ਹੈ ਕਿ ਉਹ ਅਜਿਹੇ ਲੋਕ ਨੁਮਾਇੰਦਿਆਂ ਦੀ ਚੋਣ ਕਰਨ ਜੋ ਇਮਾਨਦਾਰ, ਦੇਸ਼ਭਗਤ, ਦੂਰਅੰਦੇਸ਼ੀ, ਨਿਸ਼ਚਾਵਾਨ ਤੇ ਸੁਹਿਰਦ ਹੋਣ। ਉਨ੍ਹਾਂ ਨੇ ਹੀ ਸੰਵਿਧਾਨ ਵਿੱਚੋਂ ਚੋਰ-ਮੋਰੀਆਂ ਬੰਦ ਕਰਨ ਲਈ ਸੋਧਾਂ ਕਰਨੀਆਂ ਹਨ, ਦੇਸ਼ ਦੇ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਕਾਰਜਕਾਰਨੀ ਨੂੰ ਮਜ਼ਬੂਰ ਕਰਨਾ ਹੈ ਅਤੇ ਅਦਾਲਤਾਂ ਨੂੰ ਤੁਰਤ-ਫੁਰਤ ਫੈਸਲੇ ਕਰਨ ਲਈ ਸੇਧਾਂ ਦੇਣੀਆਂ ਹਨ। ਇਸ ਅਤਿ ਜ਼ਰੂਰੀ ਕਾਰਜ ਵਿੱਚ ਨੌਜਵਾਨਾਂ ਨੂੰ ਅਗਵਾਈ ਕਰਨੀ ਚਾਹੀਦੀ ਹੈ ਕਿਉਂਕਿ ਅਜੋਕਾ ਰਾਜਪ੍ਰਬੰਧ ਉਨ੍ਹਾਂ ਲਈ ਸਭ ਤੋਂ ਵੱਧ ਦੁਖਦਾਈ ਹੈ। ਇਸ ਵੰਗਾਰਭਰਪੂਰ ਕਾਰਜ ਲਈ ਵਿਕਾਸ ਦਾ ਕੋਈ ਬਣਿਆਂ-ਬਣਾਇਆ ਮਾਡਲ ਕਾਰਗਰ ਨਹੀਂ ਹੋਵੇਗਾ। ਦੇਸ਼ ਦੇ ਸੱਭਿਆਚਾਰ, ਵਰਤਮਾਨ ਸਮਾਜਿਕ ਸਥਿਤੀ ਅੰਤਰਰਾਸ਼ਟਰੀ ਹਾਲਾਤਾਂ ਤੇ ਭਵਿੱਖੀ ਦੂਰਅੰਦੇਸ਼ੀ ਦੇ ਮੱਦੇਨਜ਼ਰ ਤਬਦੀਲੀ ਯੋਜਨਾਬੰਦੀ ਕਰਨ ਦੀ ਜ਼ਰੂਰਤ ਹੈ। ਭਾਰਤ ਵਿੱਚ ਪ੍ਰਤਿਭਾ ਤੇ ਵਸੀਲਿਆਂ ਦੀ ਘਾਟ ਨਹੀਂ। ਲੋੜ ਹੈ ਤਾਂ ਕਿਸੇ ਲੋਕ-ਹਿਤੈਸ਼ੀ, ਨਿਸ਼ਠਾਵਾਨ ਤੇ ਪ੍ਰਬੰਧ-ਪਲਟਾਊ ਨੇਤਾ ਦੀ ਜੋ ਸਾਰੇ ਰਾਜਪ੍ਰਬੰਧ ਨੂੰ ਨਵੀਂ ਸੇਧ ਦੇ ਕੇ ਉਸਨੂੰ ਵਿਕਾਸਮੁਖੀ ਬਣਾ ਸਕੇ। ਆਓ! ਸਾਰੇ ਚਿੰਤਨਸ਼ੀਲ, ਚੇਤੰਨ, ਦੇਸ਼ਪ੍ਰੇਮੀ ਤੇ ਹਿੰਮਤੀ ਲੋਕ, ਭਾਰਤ ਨੂੰ ਵਿਸ਼ਵ ਵਿਚੋਂ ਸਰਵੋਤਮ ਬਣਾਉਂਣ ਲਈ ਹੰਭਲਾ ਮਾਰੀਏ। ਇਹ ਸੰਭਵ ਹੈ।

ਡੈਲਸ (ਅਮਰੀਕਾ)

ਮਰਨ ਦਾ ਇੱਕ ਹੋਰ ਵੀ ਢੰਗ ਹੈ।
ਮੌਤ ਦੇ ਚਿਹਰੇ ਤੋਂ ਚੁੱਕ ਦੇਣਾ ਨਕਾਬ
ਅਤੇ ਜ਼ਿੰਦਗੀ ਦੀ ਚਾਰ ਸੌ ਵੀਹ ਨੂੰ
ਸ਼ਰੇਆਮ ਬੇਪਰਦ ਕਰ ਦੇਣਾ।

-ਪਾਸ਼

# ਸੈਣੀ ਭਵਨ ਰੂਪਨਗਰ ਕੀ ਹੈ ?

ਡਾ. ਜਸਵੰਤ ਕੌਰ



**ਸਥਾਪਨਾ:-** ਰੂਪਨਗਰ ਸ਼ਹਿਰ ਦੇ ਸਵਰਗਵਾਸੀ ਸ਼੍ਰੀ ਕਾਕਾ ਰਾਮ ਸੈਣੀ ਵਲੋ ਸੰਨ 1945 ਵਿੱਚ ਦਾਨ ਕੀਤੀ 17 ਵਿਸਵੇ ਜ਼ਮੀਨ 'ਤੇ ਬਣੀ ਇਹ ਦੋ-ਮੰਜ਼ਿਲਾ ਇਮਾਰਤ ਹੈ ਜਿਸ ਦੀ ਉਸਾਰੀ ਸੰਨ 1982 ਤੋਂ ਸ਼ੁਰੂ ਹੋਈ ਸੀ ਜੋ ਅਜੇ ਵੀ ਜਾਰੀ ਹੈ।

**ਟਰੱਸਟ:-** ਸੰਨ 1989 ਵਿੱਚ ਸਵ: ਸੰਤ ਸਾਧੂ ਸਿੰਘ (ਸਾਬਕਾ ਐੱਮ. ਐੱਲ.ਏ.), ਸਵ: ਐਡਵੋਕੇਟ ਮੇਘ ਰਾਜ ਅਤੇ ਸਵ: ਸੰਤ ਸਿੰਘ ਨੇ ਇਸ ਇਮਾਰਤ ਵਿੱਚ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੀ ਸਥਾਪਨਾ ਕੀਤੀ ਜਿਸ ਲਈ 1994 ਵਿੱਚ 12 ਟਰੱਸਟੀ ਨਾਮਜ਼ਦ ਕੀਤੇ ਗਏ। ਸੰਨ 2004 ਵਿੱਚ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਹੋਂਦ ਵਿੱਚ ਆਇਆ ਜਿਸਦੇ 10 ਟਰੱਸਟੀ ਹਨ। ਇਹ ਦੋਵੇਂ ਟਰੱਸਟ ਪੰਜਾਬ ਸਰਕਾਰ ਪਾਸ ਰਜਿਸਟਰਡ ਹਨ।

**ਉਦੇਸ਼:-** ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ) ਦਾ ਮੁੱਖ ਉਦੇਸ਼ "ਸੈਣੀ ਬਰਾਦਰੀ ਨੂੰ ਭਾਰਤੀ ਸਮਾਜ ਵਿੱਚ ਯੋਗ ਸਥਾਨ ਦੁਆਉਣਾ ਅਤੇ ਮਨੁੱਖਤਾ (ਸਮਾਜ) ਦੀ ਸੇਵਾ ਲਈ ਇਸ ਨੂੰ ਤਿਆਰ ਕਰਨਾ ਹੈ। ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ) ਦਾ ਉਦੇਸ਼ "ਕਿਸੇ ਜਾਤ, ਨਸਲ ਜਾਂ ਰੰਗ ਦੇ ਭੇਦਭਾਵ ਤੋਂ ਬਗੈਰ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕਰਨੀ ਹੈ।"




**ਪ੍ਰਬੰਧਕੀ ਕਮੇਟੀ:-** ਦੋਵੇਂ ਟਰੱਸਟਾਂ ਲਈ ਇੱਕ 28 ਮੈਂਬਰੀ ਪ੍ਰਬੰਧਕ ਕਮੇਟੀ ਬਣਾਈ ਗਈ ਹੈ ਜੋ ਸਾਰੇ ਕੰਮਾਂ ਦੀ ਦੇਖਭਾਲ ਕਰਦੀ ਹੈ।

**ਤਨਖਾਹਦਾਰ ਕਰਮਚਾਰੀ:-** ਇਨ੍ਹਾਂ ਟਰੱਸਟਾਂ ਦੀ ਆਮਦਨ ਤੇ ਖਰਚੇ ਦਾ ਨਿਯਮਾਂ ਅਨੁਸਾਰ ਲੇਖਾ-ਜੋਖਾ ਰੱਖਣ ਲਈ ਇੱਕ ਮੈਨੇਜਰ, ਇਮਾਰਤ ਦੀ ਸਾਂਭ ਸੰਭਾਲ ਲਈ ਇੱਕ ਕੇਅਰ ਟੇਕਰ ਅਤੇ ਸਿਖਲਾਈ ਸੈਂਟਰਾਂ ਲਈ ਚਾਰ ਯੋਗਤਾਪ੍ਰਾਪਤ ਅਧਿਆਪਕ ਨਿਯੁਕਤ ਕੀਤੇ ਹੋਏ ਹਨ।

## (A) ਕਾਕਾ ਰਾਮ ਸੈਣੀ ਚੈਰੀਟੇਬਲ ਟੱਰਸਟ:- ਕਾਰਜ ਅਤੇ ਪ੍ਰਾਪਤੀਆਂ

ਇਸ ਟੱਰਸਟ ਵਲੋ ਹੇਠ ਲਿਖੇ ਕਾਰਜ ਕੀਤੇ ਜਾ ਰਹੇ ਹਨ:-

**ਸਿਲਾਈ-ਕਢਾਈ ਸਕੂਲ:-** ਇਹ ਸੰਨ 1991 ਤੋਂ ਚਲਾਇਆ ਜਾ ਰਿਹਾ ਹੈ ਜਿਸ ਵਿੱਚ ਹਰ ਸਮੇਂ 50-60 ਲੜਕੀਆਂ ਸਿਖਲਾਈ ਪ੍ਰਾਪਤ ਕਰਦੀਆਂ ਹਨ।

**ਬਿਊਟੀਸ਼ੀਅਨ ਆਰਟ ਸੈਂਟਰ:-** ਇਹ ਸੈਂਟਰ ਜੂਨ 2013 ਵਿੱਚ ਚਾਲੂ ਕੀਤਾ ਗਿਆ ਸੀ ਜਿਸ ਵਿੱਚੋਂ 150 ਤੋਂ ਵੱਧ ਲੜਕੀਆਂ ਸਿਖਲਾਈ ਲੈ ਚੁੱਕੀਆਂ ਹਨ।

**ਫੈਸ਼ਨ ਡਿਜ਼ਾਇਨਿੰਗ ਸੈਂਟਰ :** ਇਸ ਵਿੱਚ ਲੜਕੀਆਂ ਨੂੰ ਅਤਿ ਆਧਨਿਕ ਸਿਲਾਈ-ਕਢਾਈ ਮਸ਼ਨੀਾਂ ਨਾਲ ਫੈਸ਼ਨਦਾਰ ਲਿਬਾਸ ਤਿਆਰੀ ਕਰਨ ਦੀ ਸਿਖ਼ਲਾਈ ਦਿੱਤੀ ਜਾਂਦੀ ਹੈ।

**ਸਾਲਾਨਾ ਸੈਣੀ ਸੰਮੇਲਨ:-** ਹਰ ਸਾਲ ਅਪ੍ਰੈਲ ਦੇ ਆਰੰਭ ਵਿੱਚ ਕਰਵਾਏ ਜਾਂਦੇ ਇਸ ਸੰਮੇਲਨ ਵਿੱਚ ਬਰਾਦਰੀ ਦੀਆਂ 30-35 ਸਫ਼ਲ ਤੇ ਪ੍ਰਸਿੱਧ ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਬਰਾਦਰੀ ਦੀਆਂ ਭਖਵੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ।

**ਮੈਗਜ਼ੀਨ "ਸੈਣੀ ਸੰਸਾਰ":-** ਸਾਲ 2011 ਤੋਂ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਸ ਵਿੱਚ ਸੈਣੀ ਬਰਾਦਰੀ ਦਾ ਇਤਿਹਾਸ, ਵਰਤਮਾਨ ਸਫ਼ਲ ਸੈਣੀ ਸਖ਼ਸ਼ੀਅਤਾਂ ਦੇ ਜੀਵਨ ਵੇਰਵੇ, ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ, ਆਮ ਗਿਆਨ, ਸਾਹਿਤਕ ਰਚਨਾਵਾਂ ਅਤੇ ਮੇਟਰੀਮੋਨੀਅਲਜ਼ ਪ੍ਰਕਾਸ਼ਿਤ ਕੀਤੇ ਜਾਂਦੇ ਹਨ ।

**ਹੋਰ ਕਾਰਜ:-** ਉਪਰੋਕਤ ਨਿਯਤ ਕਾਰਜਾਂ ਤੋ ਇਲਾਵਾ ਸਮੇਂ ਸਮੇਂ ਖ਼ੂਨਦਾਨ ਕੈਂਪ, ਖੇਡ ਮੁਕਾਬਲੇ ਅਤੇ ਪਰਿਵਾਰਕ ਝਗੜਿਆਂ ਦੇ ਨਿਪਟਾਰੇ ਆਦਿ ਵੀ ਕਰਵਾਏ ਜਾਂਦੇ ਹਨ ।

## B) ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ:

ਇਸ ਟਰੱਸਟ ਵੱਲੋਂ ਨਿਮਨਲਿਖਤ ਕਾਰਜ ਕੀਤੇ ਜਾ ਰਹੇ ਹਨ: ਸਾਲ 2009 ਤੋਂ ਕੰਪਿਊਟਰ ਸਿਖਲਾਈ ਸੈਂਟਰ ਚਲਾਇਆ ਜਾ ਰਿਹਾ ਹੈ।

ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਸਾਲਾਨਾ ਵਜ਼ੀਫੇ ਦਿਤੇ ਜਾਂਦੇ ਹਨ। ਇਸ ਪ੍ਰੋਗਰਾਮ ਅਧੀਨ ਸੰਨ 2011 ਵਿੱਚ 63 ਵਿਦਿਆਰਥੀਆ ਨੂੰ 2 ਲੱਖ 20 ਹਜ਼ਾਰ, ਸੰਨ 2012 ਵਿੱਚ 89 ਵਿਦਿਆਰਥੀਆਂ ਨੂੰ 2 ਲੱਖ 87 ਹਜ਼ਾਰ, ਸੰਨ 2013 ਵਿੱਚ 78 ਵਿਦਿਆਰਥੀਆਂ ਨੂੰ 2 ਲੱਖ 82 ਹਜ਼ਾਰ , ਅਤੇ ਸੰਨ 2014 ਵਿੱਚ 99 ਵਿਦਿਆਰਥੀਆਂ ਨੂੰ 4 ਲੱਖ 10 ਹਜ਼ਾਰ ਰੁਪਏ ਦੇ ਸਾਲਾਨਾ ਵਜ਼ੀਫੇ ਵੰਡੇ ਗਏ ਹਨ।

ਸਾਲਾਨਾ ਸਿੱਖਿਆ ਸਮਾਗਮ ਸਮੇਂ ਵਿਦਿਆਰਥੀਆਂ ਦੇ ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿੱਚੋ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲਿਆਂ ਨੂੰ ਕ੍ਰਮਵਾਰ 1500, 1200 ਤੇ 1000 ਰੁਪਏ ਨਕਦ ਇਨਾਮ ਦਿੱਤੇ ਜਾਂਦੇ ਹਨ ਅਤੇ ਚੌਥੇ-ਪੰਜਵੇਂ ਸਥਾਨ ਤੇ ਆਉਣ ਵਾਲਿਆਂ ਨੂੰ 500 ਰੁਪਏ ਦੀਆਂ ਪੁਸਤਕਾਂ ਦਿੱਤੀਆ ਜਾਂਦੀਆਂ ਹਨ।

## ਆਮਦਨ ਦੇ ਸਾਧਨ:-

**ਸਰਕਾਰ ਵਲੋ ਗਰਾਂਟ:-** ਸੈਣੀ ਭਵਨ ਦੇ ਸਮਾਜਸੇਵੀ ਕਾਰਜਾਂ ਤੋਂ ਖੁਸ਼ ਹੋ ਕੇ, ਸਾਲ 2011 ਵਿੱਚ ਹਲਕਾ ਐਮ. ਐਲ. ਏ. ਆਨੰਦਪੁਰ ਸਾਹਿਬ ਸੰਤ ਅਜੀਤ ਸਿੰਘ ਨੇ 50 ਹਜ਼ਾਰ, ਸਾਲ

2012 ਵਿੱਚ ਸ.ਰਵਨੀਤ ਸਿੰਘ ਬਿੱਟੂ ਐੱਮ.ਪੀ. ਨੇ 2 ਲੱਖ, ਸਾਲ 2013 ਵਿੱਚ ਸ੍ਰੀਮਤੀ ਅੰਬਿਕਾ ਸੋਨੀ ਐਮ.ਪੀ. ਨੇ 2 ਲੱਖ ਅਤੇ ਸਾਲ 2015 ਵਿੱਚ ਪੰਜਾਬ ਦੇ ਸਿੱਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾ ਨੇ 3 ਲੱਖ ਰੁਪਏ ਵਿਕਾਸ ਕਾਰਜਾਂ ਲਈ ਦਿੱਤੇ ਹਨ।

**ਦਾਨੀ ਪੁਰਸ਼ਾਂ ਵੱਲੋ ਦਾਨ:-** ਵਿਦਿਆਰਥੀਆਂ ਨੂੰ ਰੈਗੂਲਰ ਵਜ਼ੀਫੇ ਦੇਣ ਲਈ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਪਾਸ ਲੱਗਭਗ 55 ਲੱਖ ਰੁਪਏ ਫਿਕਸਡ ਡਿਪਾਜ਼ਟ ਹਨ ਅਤੇ ਕੈਜ਼ੂਅਲ ਵਜ਼ੀਫਿਆਂ ਦੀ ਰਾਸ਼ੀ ਵੀ ਹਰ ਸਾਲ ਇੱਕ ਲੱਖ ਤੋ ਵੱਧ ਜਾਂਦੀ ਹੈ।

**ਆਜੀਵਨ ਮੈਂਬਰਸ਼ਿਪ:-** ਕੋਈ ਵੀ ਵਿਅਕਤੀ 2500 ਰੁਪਏ ਜਮ੍ਹਾ ਕਰਵਾ ਕੇ ਆਜੀਵਨ ਮੈਂਬਰ ਬਣ ਸਕਦਾ ਹੈ ਇਸ ਸਮੇ ਸੈਣੀ ਭਵਨ ਦੇ 400 ਤੋ ਵੱਧ ਆਜੀਵਨ ਮੈਬਰ ਹਨ।

**ਫੀਸ:-** ਸਿਲਾਈ-ਕਢਾਈ ਦੀਆਂ ਵਿਦਿਆਰਥਣਾਂ ਤੋ 250/- ਰੁਪਏ ਮਾਸਿਕ, ਬਿਊਟੀਸ਼ਨ ਆਰਟ ਸੈਂਟਰ ਦੀਆਂ ਸਿਖਿਆਰਥਣਾਂ ਤੋ 500 ਰੁਪਏ ਮਾਸਿਕ ਫੈਸ਼ਨ ਡਿਜ਼ਾਇਨਿੰਗ ਕੋਰਸ ਲਈ 700 ਰੁਪਏ ਮਾਸਿਕ ਤੇ ਕੰਪਿਊਟਰ ਸਿਖਲਾਈ ਦੀਆਂ ਸਿਖਿਅਰਥਣਾਂ ਤੋ ਕੋਰਸ ਅਨੁਸਾਰ ਮਾਸਿਕ ਫੀਸ ਲਈ ਜਾਂਦੀ ਹੈ। ਗਰੀਬ ਵਿਦਿਆਰਥੀਆਂ ਦੀ ਅੱਧੀ ਫੀਸ ਅਤਿ ਗਰੀਬ ਦੀ ਪੂਰੀ ਫ਼ੀਸ ਮੁਆਫ਼ ਵੀ ਕਰ ਦਿੱਤੀ ਜਾਂਦੀ ਹੈ।

**ਮੈਗਜ਼ੀਨ ਦਾ ਚੰਦਾ:-** ਇਸ ਦਾ ਸਲਾਨਾ ਚੰਦਾ 100 ਰੁਪਏ ਅਤੇ ਪੰਜ-ਸਾਲਾਂ ਚੰਦਾ 500 ਰੁਪਏ ਹੈ। ਇਸ ਵਿੱਚ ਮੈਟਰੀਮੋਨਿਅਲ ਦੇਣ ਲਈ ਰਜਿਸਟ੍ਰੇਸ਼ਨ ਫੀਸ 100 ਰੁਪਏ ਹੈ। ਰੰਗਦਾਰ ਫੋਟੋਆਂ ਮੈਗਜ਼ੀਨ ਵਿੱਚ ਛਾਪੀਆਂ ਜਾਂਦੀਆਂ ਹਨ।

**ਇਸ਼ਤਿਹਾਰ:-** ਮੈਗਜ਼ੀਨ ਵਿੱਚ ਰੰਗਦਾਰ ਇਸ਼ਤਿਹਾਰ ਦੇਣ ਲਈ 1500-3500 ਤੱਕ ਸਹਾਇਤਾ ਰਾਸ਼ੀ ਲਈ ਜਾਂਦੀ ਹੈ।

**ਆਮਦਨ ਤੇ ਖਰਚ ਦੀ ਪਾਰਦਰਸ਼ਤਾ:-** ਸਾਰੀ ਆਮਦਨ ਬੈਂਕ ਖਾਤਿਆਂ ਵਿੱਚ ਜਮ੍ਹਾ ਹੁੰਦੀ ਹੈ। ਸਾਰੇ ਖਰਚੇ ਸਰਕਾਰੀ ਨਿਯਮਾਂ ਅਨੁਸਾਰ ਕੀਤੇ ਜਾਦੇ ਹਨ, ਜਿਨ੍ਹਾਂ ਦਾ ਪੂਰਾ ਰਿਕਾਰਡ ਰੱਖਿਆ ਜਾਦਾ ਹੈ ਅਤੇ ਸਾਲ ਬਾਅਦ ਮੰਜ਼ੂਰਸ਼ੁਦਾ ਸੀ. ਏ. ਤੋਂ ਆਡਿਟ ਕਰਵਾਇਆ ਜਾਂਦਾ ਹੈ। ਸੰਸਥਾ ਵੱਲੋਂ ਨਿਯਮਿਤ ਰੂਪ 'ਚ ਪ੍ਰਾਪਰਟੀ ਟੈਕਸ ਤੇ ਐਕਸਾਈਜ਼ ਟੈਕਸ ਆਦਿ ਅਦਾ ਕੀਤੇ ਜਾਂਦੇ ਹਨ।

**ਬੈਂਕਖਾਤਾ:-** ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਲਈ ਇੰਡੀਅਨ ਬੈਂਕ, ਰੂਪਨਗਰ (ਰੋਪੜ) ਖਾਤਾ ਨੰ:833562779 ਅਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਲਈ-497139854, IFSC Code–IDIB000R027 ਹੈ

Saini Bhawan Website:-www.sainibhawan.org
& Email:- sainibhawanrpr@gmail.com

❊❊❊



## ਖੁਦ ਹੀ ਭਟਕ ਗਏ ਨੇ, ਰਹਿਬਰ ਕਹਾਉਣ ਵਾਲੇ

:-ਡਾ: ਮਲਕੀਅਤ ਸਿੰਘ ਸੈਣੀ,

ਖੁਦ ਗਰਜ਼ ਹੋ ਗਏ ਲੋਕੀਂ, ਮਾਰੇ ਦਿਲਾਂ ਨੂੰ ਤਾਲੇ,
ਭੁੱਲੇ ਪਿਆਰ ਕਰਨਾ, ਹੱਥ ਨਫ਼ਰਤਾਂ ਦੇ ਤਾਲੇ।
ਬੱਚੇ ਫਰਜ਼ ਨੇ ਭੁੱਲੇ, ਹੱਥੀਂ ਨੇ ਜਿਹੜੇ ਪਾਲੇ,
ਮਿਹਨਤ ਹੈ ਕਰਨੀ ਛੱਡੀ, ਲਭਦੇ ਨੇ ਕੰਮ ਸੁਖਾਲੇ।
ਖੁਦ ਹੀ ਭਟਕ ਗਏ ਨੇ, ਰਹਿਬਰ ਕਹਾਉਣ ਵਾਲੇ।
ਮੰਗੋ ਭਲਾ ਜੀ ਸਭ ਦਾ, ਨਾਨਕ ਨੇ ਇਹ ਸਖਾਇਆ।
ਤੇ ਕਿਰਤ ਕਰਨੀ ਦਸੀ , ਬਾਣੀ ਨੇ, ਹੈ ਫਰਮਾਇਆ।
ਸਭ ਵੰਡ ਖਾਉ ਵੀਰੋ, ਮਾਰਗ ਹੈ ਸੱਚ ਵਖਾਇਆ।
ਪਰ ਅੱਜ ਦੇ ਲੀਡਰਾਂ ਨੇ, ਪੁੱਠੇ ਹੀ ਰਸਤੇ ਪਾਇਆ।
ਭੈੜੇ ਇਨ੍ਹਾਂ ਦੇ ਕਾਰੇ, ਉਲਟੇ ਇਨ੍ਹਾਂ ਦੇ ਚਾਲੇ।
ਖੁਦ ਹੀ ਭਟਕ ਗਏ ਨੇ, ਨੇਤਾ ਕਹਾਉਣ ਵਾਲੇ।
ਪਰਵਾਰ ਇਕ ਬਣੋ ਜੀ, ਦੁਨੀਆਂ ਦੇ ਲੋਕੀਂ ਸਾਰੇ।
ਆਕਾਸ਼ ਗੰਗਾ ਬਣਕੇ, ਚਮਕੋ ਜੀ ਬਣ ਕੇ ਤਾਰੇ।
ਕੋਈ ਨਹੀਂ ਬੇਗਾਨਾ, ਆਪਣੇ ਹੈ ਵੀਰੋ ਸਾਰੇ।
ਸਾਰੇ ਬਣੋ ਜੀ ਆਪਣੇ, ਇਕੋ ਹੈ ਨੂਰ ਸਾਰੇ।
ਖੁਦ ਹੀ ਭਟਕ ਗਏ ਨੇ, ਨੇਤਾ ਕਹਾਉਣ ਵਾਲੇ।

-ਮਹਿਤਪੁਰ (ਉਲੱਦਣੀ)

### ਗਿਰਨ ਪਰਿਵਾਰ ਵਲੋਂ ਦਾਨ

ਸੈਣੀ ਭਵਨ ਦੇ ਟਰੱਸਟੀ ਸਵਰਗਵਾਸੀ ਮਹਿੰਦਰ ਸਿੰਘ ਗਿਰਨ ਦੀ ਮਿੱਠੀ ਯਾਦ ਵਿੱਚ ਉਨ੍ਹਾਂ ਦੇ ਸਪੁੱਤਰ ਸਨ ਹਰਜੀਤ ਸਿੰਘ ਗਿਰਨ ਵਾਸੀ ਨੇ ਸੈਣੀ ਭਵਨ ਨੂੰ 10 ਹਜ਼ਾਰ ਰੁਪਏ ਦਾਨ ਕੀਤੇ ਹਨ। ਪਰਿਵਾਰ ਦੀ ਇੱਛਾ ਅਨੁਸਾਰ ਇਸ ਰਾਸ਼ੀ ਨਾਲ ਸੰਸਥਾ ਦੇ ਸਿਖਲਾਈ ਸਕੂਲਾਂ ਲਈ ਦੋ ਨਵੀਆਂ ਸਿਲਾਈ ਮਸ਼ੀਨਾਂ ਖਰੀਦੀਆਂ ਗਈਆਂ ਹਨ।

### ਸੈਣੀ ਭਵਨ ਦੇ ਨਵੇਂ ਆਜੀਵਨ ਮੈਂਬਰ



ਸ. ਗੁਰਮੇਲ ਸਿੰਘ ਭਲੜੀ
ਪੁੱਤਰ ਸ. ਕਿਸ਼ਨ ਸਿੰਘ
# 68 A/17B,
ਗਰੀਨ ਐਵੀਨਿਊ, ਰੋਪੜ



ਸ. ਜਸਪਾਲ ਸਿੰਘ
ਪੁੱਤਰ ਸ. ਖੁਸ਼ਹਾਲ ਸਿੰਘ
# 331, ਜ਼ੈਲ ਸਿੰਘ ਨਗਰ
ਰੋਪੜ।

# ਸੈਣੀ ਇਤਿਹਾਸ

ਗਿਆਨੀ ਊਧਮ ਸਿੰਘ ਮੁਸਾਫਿਰ



(ਅੰਕ 18 ਦੇ ਪੰਨਾਂ 5 ਤੋਂ ਅੱਗੇ)

## ਉਹ ਕਿਲ੍ਹੇ ਜਾਂ ਅਸਥਾਨ ਜੋ ਸੂਰਸੈਣੀ ਕੌਮ ਨੇ ਆਬਾਦ ਕੀਤੇ ਸਨ :

(1) ਮਥਰਾ : ਇਹ ਪਹਿਲਾ ਅਸਥਾਨ ਹੈ ਜਿਸ ਨੂੰ ਰਾਜਾ ਸੂਰ ਸੈਣੀ ਨੇ ਆਪਣੀ ਰਾਜਧਾਨੀ ਬਣਾਇਆ। ਅੱਸੀ ਅੱਸੀ ਕੋਹ ਆਲੇ ਦੁਆਲੇ ਦਾ ਇਲਾਕਾ ਇਸ ਦੇ ਅਧੀਨ ਸੀ।

(2) ਸ਼ੋਰਪੁਰਾ : ਮਥਰਾ ਤੋਂ ਪੰਜ ਕੁ ਮੀਲ ਦੀ ਵਿੱਥ ਉਤੇ ਸ਼ੋਰਪੁਰਾ, ਦਰਿਆ ਯਮਨਾ ਦੇ ਦੱਖਣ ਵਿੱਚ ਆਬਾਦ ਕੀਤਾ। ਟਾਡ ਰਾਜਿਸਥਾਨ ਵਿਚ ਲਿਖਿਆ ਹੈ ਕਿ ਸ਼ੋਰਪੁਰਾ ਸੂਰ ਸੈਣੀਆਂ ਨੇ ਆਬਾਦ ਕੀਤਾ ਅਤੇ ਦੇਰ ਤਕ ਸੂਰ ਸੈਣੀ ਰਾਜਿਆਂ ਦਾ ਰਾਜ ਰਿਹਾ। ਹੁਣ ਕੇਵਲ ਉਸ ਦੇ ਖੰਡਰ ਹੀ ਦੇਖਣ ਵਿੱਚ ਆਉਂਦੇ ਹਨ ਜਿਹਨਾਂ ਖੰਡਰਾਂ ਨੂੰ ਕਰਨਲ ਟਾਡ ਨੇ ਆਪ ਦੇਖਿਆ ਹੈ ਅਤੇ ਇਸ ਦਾ ਜ਼ਿਕਰ ਕੀਤਾ ਹੈ।

(3) ਕਲੈਸੂਪੁਰਾ : ਟਾਡ ਸਾਹਿਬ ਲਿਖਦੇ ਹਨ ਕਿ ਇਸ ਸ਼ਹਿਰ ਦਾ ਨਾਉਂ ਇਤਿਹਾਸ ਵਿਚ ਜ਼ਰੂਰ ਆਉਂਦਾ ਹੈ। ਮਹਾਂ ਸਿਕੰਦਰ ਨੇ ਵੀ ਇਥੇ ਸੂਰ ਸੈਣੀ ਕੌਮ ਦੀ ਹੋਂਦ ਲਿਖੀ ਹੈ। ਪਰ ਇਸ ਦੇ ਖੰਡਰਾਤ ਦਾ ਕੋਈ ਵੀ ਨਿਸ਼ਾਨ ਨਹੀਂ ਮਿਲਦਾ।

(4) ਪਰਿਆਗ ਜਾਂ ਅਲਾਹਬਾਦ : ਇਹ ਸ਼ਹਿਰ ਗੰਗਾ, ਜਮਨਾ ਅਤੇ ਸੁਰਸਤੀ ਦੇ ਸੰਗਮ ਉਤੇ ਅਜੇ ਵੀ ਬਾਰੌਣਕ ਸ਼ਹਿਰ ਹੈ ਅਤੇ ਹਿੰਦੂਆਂ ਦਾ ਪਵਿੱਤਰ ਅਸਥਾਨ ਹੈ। ਕਰਨਲ ਟਾਡ ਲਿਖਦਾ ਹੈ ਕਿ ਮਥਰਾ ਤੋਂ ਵੀ ਪਹਿਲਾਂ ਇਹ ਸ਼ਹਿਰ ਸੂਰ ਸੈਣੀ ਕੌਮ ਦੇ ਕਬਜੇ ਵਿਚ ਸੀ। ਉਸ ਦੀ ਲਿਖਤ ਦੱਸਦੀ ਹੈ ਕਿ ਪਰਿਆਗ, ਮਥਰਾ ਤੇ ਦਵਾਰਕਾ ਇਹ ਤਿੰਨ ਸ਼ਹਿਰ ਸੂਰ ਸੈਣੀ ਕੌਮ ਦੇ ਅਧੀਨ ਸਨ। ਇਹਨਾਂ ਤਿੰਨਾ ਵਿਚੋਂ ਸਭ ਤੋ ਪੁਰਾਣਾ ਪਰਿਆਗ ਹੈ।

ਤਵਾਰੀਖ ਰਾਜਪੂਤਾਂ ਦੇ ਲਿਖਾਰੀ ਠਾਕੁਰ ਕਾਹਨ ਸਿੰਘ ਨੇ ਆਪਣੀ ਪੁਸਤਕ ਦੇ ਪੰਨਾ 16 ਤੇ 17 'ਤੇ ਲਿਖਿਆ ਹੈ ਕਿ ਮਹਾਰਾਜਾ ਬੁੱਧ ਬੜਾ ਪ੍ਰਤਾਪੀ ਰਾਜਾ ਸੀ। ਉਹ ਇਕ ਸਮੇਂ ਜੰਗਲ ਵਿੱਚ ਸੈਰ ਕਰ ਰਿਹਾ ਸੀ ਜਿਥੇ ਕਿ ਮਹਾਰਾਜਾ ਸ਼ਰਾਹ ਦੇਵ ਦੀ ਪੁੱਤਰੀ ਆਪਣੀਆਂ ਸਹੇਲੀਆਂ ਨਾਲ ਫਿਰ ਰਹੀ ਸੀ। ਰਾਜਾ ਉਸ ਉਤੇ ਮੋਹਤ ਹੋ ਗਿਆ। ਇਸ ਰਾਜਕੁਮਾਰੀ ਦਾ ਨਾਉਂ ਇਲਾ ਸੀ। ਇਹ ਵੀ ਰਾਜੇ ਦੀ ਖੂਬਸੂਰਤੀ ਉਤੇ ਆਸ਼ਕ ਹੋ ਗਈ ਤੇ ਇਹਨਾਂ ਦੋਹਾਂ ਨੇ ਗੰਧਰਵ ਵਿਆਹ ਕਰ ਲਿਆ। ਇਸ ਖੁਸ਼ੀ ਤੇ ਆਪਣੀ ਪਿਆਰੀ ਇਲਾ ਦੀ ਯਾਦਗਾਰ ਲਈ ਰਾਜਾ ਬੁੱਧ ਨੇ ਇਕ ਸ਼ਹਿਰ ਆਬਾਦ ਕੀਤਾ ਜਿਸ ਦਾ ਨਾਉਂ ਇਲਾ ਬਾਸ ਰੱਖਿਆ ਜੋ ਕਿ ਮਗਰੋਂ ਅਲਾਹਾਬਾਦ ਦੇ ਨਾਉਂ ਨਾਲ ਪ੍ਰਸਿਧ ਹੋਇਆ।

(5) ਦਵਾਰਕਾ : ਮਥਰਾ ਉਤੇ ਜਰਾਸਿੰਧ ਨੇ ਨਾਕਾਮ ਉੜਤੋ ਉੜਤੀ ਸਤਾਰਾਂ ਹਮਲੇ ਕੀਤੇ ਅਤੇ ਹਰ ਵਾਰ ਹਾਰ ਖਾ ਗਿਆ। ਅਠਾਰਵੇਂ ਹਮਲੇ ਸਮੇ ਕ੍ਰਿਸ਼ਨ ਜੀ ਨੇ ਇਹ ਸੋਚ ਕੇ ਕਿ ਹਰ ਵਾਰ ਪ੍ਰਜਾ ਦਾ ਬਹੁਤ ਨੁਕਸਾਨ ਹੁੰਦਾ ਹੈ ਉਨ੍ਹਾਂ ਨੇ ਮਥਰਾ ਨੂੰ ਛੱਡ ਕੇ ਬੰਬਈ ਤੋ ਕੁਝ ਵਿੱਥ ਉਤੇ ਇਕ ਟਾਪੂ ਵੇਖ ਕੇ ਇਕ ਖੂਬਸੂਰਤ ਸ਼ਹਿਰ ਆਬਾਦ ਕੀਤਾ ਜਿਸ ਦਾ ਨਾਉਂ ਦਵਾਰਕਾ ਰੱਖਿਆ। ਇਸ ਸ਼ਹਿਰ ਦਾ ਜ਼ਿਕਰ ਸ੍ਰੀਮਦ ਭਾਗਵਤ ਦੀ ਪੁਸਤਕ ਵਿੱਚ ਆਉਂਦਾ ਹੈ। ਦਵਾਰਕਾ ਦਾ ਨਾਉ, ਸ੍ਰੀ ਕ੍ਰਿਸ਼ਨ ਜੀ ਨੇ ਬਸਾਇਆ ਕਰ ਕੇ, ਹਰ ਹਿੰਦੂ ਦੀ ਜ਼ੁਬਾਨ ਵਿਚੋਂ ਪਵਿੱਤ੍ਰਤਾ ਦੇ ਤੌਰ ਤੇ ਨਿਕਲਦਾ ਹੈ।

(6) ਗ਼ਜ਼ਨੀ : ਇਹ ਮਸ਼ਹੂਰ ਸ਼ਹਿਰ ਅੱਜ ਕਲ੍ਹ ਮੁਸਲਮਾਨਾਂ ਦੇ ਇਲਾਕੇ ਵਿਚ ਹੈ, ਪਰ ਇਸ ਨੂੰ ਆਬਾਦ ਕਰਨ ਵਾਲਾ ਸੂਰ ਸੈਣੀ ਮਹਾਰਾਜ ਗੱਜ ਸੀ, ਜਿਸ ਦੇ ਨਾਂਉਂ 'ਤੇ ਗ਼ਜ਼ਨੀ ਸ਼ਹਿਰ ਬਸਾਇਆ ਗਿਆ ਸੀ। ਇਹ ਵੀ ਲਿਖਿਆ ਹੈ ਕਿ ਇਸ ਸ਼ਹਿਰ ਨੂੰ ਰਾਜਾ ਰਜ ਨੇ ਆਪਣੇ ਪੁੱਤਰ ਗੱਜ ਦੇ ਨਾਉਂ ਨਾਲ ਆਬਾਦ ਕੀਤਾ ਸੀ। ਬਹਰਹਾਲ ਇਹ ਸ਼ਹਿਰ ਸੂਰ ਸੈਣੀ ਕੌਮ ਦੇ ਰਾਜਿਆਂ ਦਾ ਹੀ ਬਸਾਇਆ ਹੋਇਆ ਹੈ।

ਇਸ ਦੇ ਸੰਬੰਧ ਵਿਚ ਕਰਨਲ ਟਾਡ ਸਾਹਿਬ ਇਉਂ ਲਿਖਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਦੇ ਪੁੱਤਰ ਪਹਿਲਾਂ ਪੰਜਾਬ ਦੇ ਦੁਆਬੇ ਦੇ ਇਲਾਕੇ ਵਿਚ ਕੁਝ ਸਮਾਂ ਠਹਿਰੇ, ਫੇਰ ਸਿੰਧ ਨਦੀ ਨੂੰ ਪਾਰ ਕਰ ਕੇ ਜ਼ੇਬਲਸਤਾਨ ਜਾ ਕੇ ਗ਼ਜ਼ਨੀ ਨੂੰ ਆਬਾਦ ਕਰ ਕੇ ਸਮਰਕੰਦ ਤਕ ਰਾਜ ਕੀਤਾ। ਤਵਾਰੀਖ ਭੱਟੀ ਵਿਚ ਗ਼ਜ਼ਨੀ ਸ਼ਹਿਰ ਰਾਜਾ ਗੱਜ ਦਾ ਬਸਾਇਆ ਹੋਇਆ ਲਿਖਿਆ ਹੈ। ਹਰ ਹਾਲਤ ਵਿਚ ਇਹ ਸਾਬਤ ਹੁੰਦਾ ਹੈ ਕਿ ਗ਼ਜ਼ਨੀ ਦਾ ਕਿਲ੍ਹਾ ਅਤੇ ਸ਼ਹਿਰ ਸੂਰ ਸੈਣੀ ਕੌਮ ਦੇ ਹੀ ਬਸਾਏ ਹੋਏ ਹਨ।

(7) ਸਾਲ ਬਾਹਨਪੁਰਾ ਜਾਂ ਸਿਆਲ ਕੋਟ : ਸਿਆਲ ਕੋਟ ਦਾ ਕਿਲ੍ਹਾ ਅਤੇ ਸ਼ਹਿਰ ਦੋਨੋਂ ਮਹਾਂਰਾਜਾ ਸਾਲ ਬਾਹਨ ਦੇ ਆਬਾਦ ਕੀਤੇ ਹੋਏ ਹਨ । ਪੂਰਨ ਭਗਤ ਏਸੇ ਸਾਲ ਬਾਹਨ ਦਾ ਪੁੱਤਰ ਸੀ। ਟਾਡ ਰਾਜਿਸਥਾਨ ਵਿਚ ਇਸ ਦਾ ਕਾਫ਼ੀ ਜ਼ਿਕਰ ਆਇਆ ਹੈ।

(8) ਜੈਸਲ ਮੀਰ : ਇਹ ਸ਼ਹਿਰ ਸੂਰਸੈਣੀ ਰਾਜਾ ਰਾਓ ਜੈਸਲ ਨੇ ਆਬਾਦ ਕੀਤਾ ਸੀ ਜੋ ਅੱਜ ਤਕ ਰਾਜਪੂਤਾਂ ਦੀ ਰਾਜਧਾਨੀ ਵਜੋਂ ਚਲਿਆ ਆਇਆ ਹੈ। ਇਸ ਦੇ ਸਬੰਧ ਵਿਚ ਪਿਛੇ ਦੱਸ ਆਏ ਹਾਂ ਕਿ ਸ੍ਰੀ ਕ੍ਰਿਸ਼ਨ ਜੀ ਦੀ ਭਵਿੱਖ ਬਾਣੀ ਅਨੁਸਾਰ ਇਹ ਸ਼ਹਿਰ ਆਬਾਦ ਹੋਇਆ ਸੀ।

(9) ਪਟਿਆਲਾ : ਟਾਡ ਰਾਜਸਥਾਨ ਜਿਲਦ ਦੂਜੀ ਪੰਨਾ 1463, ਸਤਰ 6 ਵਿਚ ਲਿਖਿਆ ਹੈ ਕਿ ਰਾਓ ਜੈਸਲ ਦਾ ਛੋਟਾ ਲੜਕਾ ਰਾਓ ਹੇਮਹੇਲ ਤਖਤ ਤੋਂ ਮਹਿਰੂਮ ਰਹਿਣ ਦੇ ਕਾਰਨ ਹਿਸਾਰ ਵੱਲ ਚਲਾ ਗਿਆ ਅਤੇ ਇਕ ਜੱਟ ਦੀ ਲੜਕੀ ਨਾਲ ਸ਼ਾਦੀ ਕਰ ਲਈ। ਜਿਸ ਤੋਂ ਅੱਗੇ ਇਸ ਦਾ ਸਬੰਧ ਜੱਟਾਂ ਦੇ ਘਰਾਣੇ ਨਾਲ ਹੋ ਗਿਆ ਤੇ ਆਪਣੇ ਆਪ ਨੂੰ ਜੱਟ ਕਹਾਉਣ ਲਗ ਗਿਆ। ਇਸ ਦੀ ਛੇਵੀਂ ਪੁਸ਼ਤ ਵਿਚ ਰਾਜਾ ਆਲਾ ਸਿੰਘ ਹੋਇਆ ਜਿਸ ਨੇ ਪਟਿਆਲੇ ਦੀ ਬੁਨਿਆਦ ਰੱਖੀ। ਫੂਲ ਪਿੰਡ

ਵਿਚ ਜਨਮ ਲਿਆ ਕਰ ਕੇ ਪਟਿਆਲੇ ਦੇ ਰਾਜਿਆਂ ਨੂੰ ਫੂਲਕਿਆਂ ਦਾ ਖ਼ਾਨਦਾਨ ਕਿਹਾ ਜਾਂਦਾ ਹੈ।

(10) ਰਿਆਸਤ ਕਰੋਲੀ ਬਿਆਨਾ ਤੇ ਸੰਭਲਗੜ੍ਹ : ਇਨ੍ਹਾਂ ਰਿਆਸਤਾਂ ਦੇ ਰਾਜੇ ਅਜੇ ਵੀ ਆਪਣੇ ਆਪ ਨੂੰ ਸੂਰ ਸੈਣੀ ਹੀ ਸਦਾਉਂਦੇ ਹਨ। ਇਹ ਰਾਜੇ ਬੜੇ ਮਾਣ ਨਾਲ ਯਾਦਵ ਬੰਸੀ ਦੱਸਦੇ ਹਨ। ਟਾਡ ਰਾਜਿਸਥਾਨ ਵਿਚ ਇਕ ਥਾਂ ਲਿਖਿਆ ਹੈ ਕਿ ਇਹਨਾਂ ਦੇ ਬਜ਼ੁਰਗਾਂ ਨੇ ਬ੍ਰਿਜ ਦੇ ਇਲਾਕੇ ਵਿਚੋਂ ਆਪਣੇ ਆਪ ਨੂੰ ਦੇਰ ਤਕ ਬਾਹਰ ਨਹੀਂ ਕਢਿਆ। ਪਰ ਜਦੋਂ ਇਥੋਂ ਨਿਕਲੇ ਤਾਂ ਇਹਨਾਂ ਨੇ ਦਰਿਆ ਚੰਬਲ ਦੇ ਪੱਛਮ ਵਲ ਕਰੋਲੀ ਅਤੇ ਚੜ੍ਹਦੇ ਵਲ ਸੰਭਲਗੜ੍ਹ ਦੇ ਸ਼ਹਿਰ ਤੇ ਕਿਲ੍ਹੇ ਆਬਾਦ ਕਰ ਕੇ ਆਪਣਾ ਰਾਜ ਕਾਇਮ ਕੀਤਾ।

### ਸੂਰ ਸੈਣੀਆਂ ਦੇ ਬਣਾਏ ਹੋਏ ਕਿਲ੍ਹੇ:-

ਦੇਵ ਗੜ੍ਹ, ਤਨੂਤ, ਭੀਖਮਪੁਰਾ ਅਥਵਾ ਸੈਣੀ ਕੋਟ, ਕਰੋੜ, ਨਰੂਟ, ਗੋਬਨ, ਬਾਹਨ,ਬਾਵਨੇ ਆਦਿ।

### ਸੂਰ ਸੈਣੀ ਕੌਮ ਦਾ ਜਿਥੇ ਰਾਜ ਰਿਹਾ:-

ਭੇਰਾ, ਸਾਂਦਮਗਰੀ ਲੋਦਰਵਾ, ਪੋਗਲ, ਵਹਾਤ, ਬਦਰੀ ਨਾਥ ਅਤੇ ਗ਼ਜ਼ਨੀ ਆਦਿ।

### ਅਸਥਾਨ ਜੋ ਸੂਰ ਸੈਣੀ ਕੌਮ ਨੇ ਬਸਾਏ :-

ਸਾਂਗਲਾ ਹਿਲ, ਸ਼ੋਰਕੋਟ, ਪਿੰਡ ਭੱਟੀਆ ਆਦਿ। ਇਹ ਤਵਾਰੀਖ ਭੱਟੀ ਹਿੱਸਾ ਅਵਲ ਤੋਂ ਪਤਾ ਲਗਦਾ ਹੈ ਕਿ ਸਾਰੇ ਸ਼ਹਿਰ ਸੂਰ ਸੈਣੀ ਕੌਮ ਦੇ ਹੀ ਆਬਾਦ ਕੀਤੇ ਹੋਏ ਹਨ ।

### ਸੂਰ ਸੈਣੀ ਕੌਮ ਦਾ ਜਵਾਲ –

ਜਦੋਂ ਕੋਈ ਕੌਮ ਦੇਰ ਤਕ ਰਾਜ ਕਰਦੀ ਰਹੇ ਤਾਂ ਉਸ ਵਿਚ ਕਈ ਕਮਜ਼ੋਰੀਆਂ ਵੀ ਆ ਜਾਂਦੀਆਂ ਹਨ। ਉਸ ਕੌਮ ਦੀ ਸੰਤਾਨ ਵਿਚ ਹਸਦ ਤੇ ਈਰਖ਼ਾ ਵੀ ਪੈਦਾ ਹੋ ਜਾਂਦੀ ਹੈ ਅਤੇ ਆਪੋ ਵਿਚ ਲੜਨ ਲਗ ਜਾਂਦੇ ਹਨ। ਜਿਸ ਦੇ ਕਾਰਨ ਕੇਂਦਰੀ ਤਾਕਤ ਖੇਰੂੰ ਖੇਰੂੰ ਹੋ ਜਾਂਦੀ ਹੈ। ਏਹੋ ਹਸ਼ਰ ਸੂਰਬੀਰ ਸੈਣੀ ਕੌਮ ਦਾ ਵੀ ਹੋਇਆ।

ਦੂਸਰੇ ਭਾਰਤ ਦੇ ਉਤਰ ਪੱਛਮ ਵੱਲ ਮੁਸਲਮਾਨਾਂ ਦਾ ਜ਼ੋਰ ਵਧ ਜਾਣ ਨਾਲ ਉਹਨਾਂ ਨੇ ਭਾਰਤ ਦੇ ਉਤਰੀ ਹਿੱਸੇ ਉਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਤਾਰਾਂ ਮਹਿਮੂਦ ਗ਼ਜ਼ਨਵੀ ਦੇ, ਚਾਰ ਮੁਹੰਮਦ ਗ਼ੌਰੀ ਦੇ ਅਤੇ ਦੋ ਮੁਗ਼ਲ ਬਾਦਸ਼ਾਹ ਬਾਬਰ ਦੇ ਹਮਲਿਆਂ ਨੇ ਭਾਰਤ ਵਰਸ਼ ਨੂੰ ਤਬਾਹ ਤੇ ਬਰਬਾਦ ਕਰ ਦਿੱਤਾ। ਰਾਜਪੂਤਾਂ ਦੀ ਆਪਸੀ ਫੁਟ ਦਾ ਇਹ ਹਸ਼ਰ ਹੋਇਆ ਕਿ ਉਤਰੀ ਭਾਰਤ ਉਤੇ ਮੁਸਲਮਾਨਾਂ ਦਾ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ। ਏਸ ਦਾ ਅਸਰ ਸੂਰ ਸੈਣੀ ਕੌਮ ਉਤੇ ਵੀ ਪਿਆ। ਕੌਮ ਖੇਰੂੰ ਖੇਰੂੰ ਹੋ ਗਈ। ਦਿਲੀ ਦੇ ਆਲੇ ਦੁਆਲੇ ਸੂਰ ਸੈਣੀ ਕੌਮ ਦਾ ਜੋ ਦਬਦਬਾ ਸੀ ਉਹ ਜਾਂਦਾ ਰਿਹਾ। ਮੁਹੰਮਦ ਤੁਗ਼ਲਕ ਨੇ ਜਦੋਂ ਦਿਲੀ ਦੀ ਬਜਾਏ ਦੇਵਾਨਗਰੀ ਨੂੰ ਰਾਜਧਾਨੀ ਬਣਾਉਣਾ ਚਾਹਿਆ ਤਾਂ ਦੋ ਵਾਰ ਉਸ ਨੇ ਦਿੱਲੀ ਨੂੰ ਉਜਾੜਨ ਦੀ ਕੋਸ਼ਿਸ਼ ਕੀਤੀ, ਜਿਸ ਦੇ ਕਾਰਨ ਦਿਲੀ ਦੇ ਵਸਣ ਵਾਲੇ ਸੂਰ ਸੈਣੀ ਦੇਵ ਨਗਰੀ ਜਾਣ ਦੀ ਬਜਾਏ ਪੰਜਾਬ ਵਲ ਵਧੇ। ਮੁਗ਼ਲ ਰਾਜਿਆਂ ਦਾ ਵੀ ਜਦੋਂ ਜ਼ੋਰ ਪਿਆ ਤਾਂ ਉਹਨਾਂ ਜਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਕਰਨਾ ਸ਼ੁਰੂ ਕੀਤਾ ਅਤੇ ਉਹਨਾਂ ਦੀਆਂ ਬੇਟੀਆਂ ਦੇ ਡੋਲੇ ਵੀ ਮੰਗੇ। ਤਾਂ ਸੈਣੀ ਕੌਮ ਦੀ ਸੂਰਬੀਰਤਾ ਤੇ ਅਣਖ ਨੇ ਇਹ ਇਜਾਜ਼ਤ ਨਾ ਦਿੱਤੀ ਕਿ ਮੁਸਲਮਾਨ ਬਣ ਕੇ ਜਾਂ ਲੜਕੀਆਂ ਦੇ ਕੇ ਚੌਧਰਾਂ ਲਈਏ ਜਾਂ ਜਾਨ ਬਚਾਈਏ।ਇਹਨਾਂ ਨੇ ਇਹੋ ਬਿਹਤਰ ਸਮਝਿਆ ਕਿ ਸੰਘਣੀ ਆਬਾਦੀ ਵਿਚੋਂ ਨਿਕਲ ਕੇ ਜੰਗਲਾਂ ਅਥਵਾ ਦਰਿਆਵਾਂ ਦੇ ਕੰਢਿਆਂ ਤੇ ਵਸ ਕੇ ਪੇਟ ਪੂਜਾ ਕਰੀਏ ਅਤੇ ਆਪਣੀ ਅਣਖ਼ ਨੂੰ ਬਹਾਲ ਰੱਖੀਏ। ਇਹ ਕੇਂਦਰ ਤੋ ਨਿਕਲ ਕੇ ਪੰਜਾਬ, ਮਧ ਪ੍ਰਦੇਸ਼, ਰਾਜਿਸਥਾਨ, ਯੂ.ਪੀ, ਤੇ ਹਰਿਆਣੇ ਆਦਿਕ ਦੇਸ਼ਾਂ ਵਲ ਨੂੰ ਚਲ ਨਿਕਲੇ। ਜਿਥੇ ਅੱਜ ਤਕ ਵੀ ਇਹ ਕੌਮ ਵੱਖ-ਵੱਖ ਨਾਵਾਂ ਨਾਲ ਵੱਸ ਰਹੀ ਹੈ।

ਸੂਰ ਸੈਣੀ ਕੌਮ ਅੱਗੋਂ ਕਈ ਸ਼ਾਖਾਂ ਵਿਚ ਵੰਡੀ ਗਈ ਅਤੇ ਵੱਖੋਂ ਵੱਖਰੇ ਨਾਵਾਂ ਨਾਲ ਪ੍ਰਸਿਧ ਹੈ । ਸੈਣੀ, ਸਏਨੀ ਸਿਹਨੀ, ਸਾਹਨੀ, ਮਾਲੀ ਪਰਮਾਰ, ਸਿਆਨੀ, ਬਾਗਵਾਨ, ਸਾਣੀ, ਸਾਹਣੀ ਆਦਿ ਹਨ। ਦਿੱਲੀ ਦੇ ਇਰਦ ਗਿਰਦ ਭਾਗੀਰਥੀ ਅਤੇ ਬਾਗਵਾਨ ਦੋਂ ਸ਼ਾਖਾਂ ਵਿਚ ਪ੍ਰਸਿਧ ਹਨ। ਦਰਿਆ ਗੰਜ, ਦਿੱਲੀ ਗੇਟ, ਪਹਾੜੀ ਧੀਰ, ਸਬਜੀ ਮੰਡੀ ਦਿੱਲੀ ਦੇ ਅਸਥਾਨਾਂ ਵਿਚ ਆਬਾਦੀ ਬਹੁ-ਗਿਣਤੀ ਵਿਚ ਸੈਣੀਆ ਦੀ ਹੈ। ਪੰਜਾਬ ਵਿਚ ਲੁਧਿਆਣਾ, ਪਟਿਆਲਾ, ਰੋਪੜ, ਜਲੰਧਰ, ਹੁਸ਼ਿਆਰਪੁਰ ਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਤੇ ਅੰਬਾਲਾ (ਹਰਿਆਣਾ) ਵਿਚ ਸੈਣੀਆਂ ਦੀ ਆਬਾਦੀ ਕਾਫ਼ੀ ਹੈ। ਇਨ੍ਹਾਂ ਦੀ ਆਬਾਦੀ ਆਮ ਤੌਰ ਤੇ ਪਹਾੜਾਂ ਦੀ ਕੰਢੀ ਵਿਚ ਦਰਿਆਵਾਂ ਤੇ ਵੇਈਆਂ ਦੇ ਨਾਲ ਨਾਲ ਹੈ । ਇਸ ਦਾ ਕਾਰਨ ਮੈਂ ਉੱਪਰ ਦੱਸ ਆਇਆ ਹਾਂ ਕਿ ਮੁਸਲਮਾਨੀ ਰਾਜ ਵਿਚ ਇਹਨਾਂ ਆਪਣੀ ਅਣਖ ਨੂੰ ਕਾਇਮ ਰੱਖਣ ਲਈ ਗੁਮਨਾਮ ਅਸਥਾਨਾਂ ਤੇ ਆਪਣੇ ਆਪ ਨੂੰ ਆਬਾਦ ਕਰ ਲਿਆ ਸੀ। ਸਬਜ਼ੀਆਂ ਬੀਜ ਕੇ ਤੇ ਵੇਚ ਕੇ ਗੁਜ਼ਾਰਾ ਕਰਦੇ ਰਹੇ । ਪਰ ਮੁਸਲਮਾਨਾਂ ਨੂੰ ਆਪਣੀਆਂ ਧੀਆਂ ਦੇ ਕੇ ਅਹੁਦੇ ਪ੍ਰਾਪਤ ਨਹੀ ਕੀਤੇ। ਇਸ ਦੇ ਉਲਟ ਰਾਜਪੂਤ ਤੇ ਜੱਟਾਂ ਨੇ ਆਪਣਾ ਧਰਮ ਵੀ ਤਿਆਗ ਦਿੱਤਾ ਤੇ ਚੌਧਰਾਂ ਪ੍ਰਾਪਤ ਕੀਤੀਆਂ।

ਇਸ ਲਈ ਅਸੀ ਫਖਰ ਨਾਲ ਕਹਿ ਸਕਦੇ ਹਾਂ ਕਿ ਸੈਣੀ ਇਕ ਜ਼ਿੰਦਾ ਦਿਲ ਅਤੇ ਅਣਖੀਲੀ ਕੌਮ ਹੈ ਜਿਸ ਦਾ ਕੋਈ ਖਾਨਦਾਨ ਮੁਸਲਮਾਨ ਨਹੀਂ ਹੋਇਆ। ਇਹਨਾਂ ਨੇ ਭਾਵੇ ਦੇਰ ਤਕ ਆਪਣੇ ਆਪ ਨੂੰ ਗੁਮਨਾਮ ਰੱਖਿਆ ਹੈ । ਪਰ ਇਹ ਸੂਰਬੀਰਾਂ ਦੀ ਕੌਮ ਅੱਜ ਫੇਰ ਉਸੇ ਸ਼ਾਨ ਨਾਲ ਵਿਚਰ ਰਹੀ ਹੈ, ਜਿਸ ਸ਼ਾਨ ਨਾਲ ਅੱਗੇ ਵਿਚਰਦੀ ਸੀ ।

ਝਿੱਕਾ ਹਾਊਸ ਨੰ. : 122
ਗੁਰੂ ਹਰਗੋਬਿੰਦ ਨਗਰ, ਫਗਵਾੜਾ

*ਇਹ ਲੇਖ ਲੜੀ ਪੁਸਤਕ "ਸੂਰ ਸੈਣੀ ਕੌਮ ਦਾ ਸੰਖੇਪ ਇਤਿਹਾਸ" ਵਿੱਚੋਂ ਲਈ ਗਈ ਹੈ। ਪੁਸਤਕ ਦੇ ਲਿਖਾਰੀ ਪੰਜਾਬ ਪ੍ਰਦੇਸ਼ ਸੈਣੀ ਸਭਾ ਦੇ ਜਨਰਲ ਸਕੱਤਰ ਰਹੇ ਹਨ। ਅਦਾਰਾ ਸੈਣੀ ਸੰਸਾਰ ਗਿਆਨੀ ਊਧਮ ਸਿੰਘ ਮੁਸਾਫਿਰ ਜੀ ਦੇ ਦੋਵੇਂ ਬੇਟਿਆਂ ਦੇ ਅਤਿ ਧੰਨਵਾਦੀ ਹਨ। ਗਿਆਨੀ ਜੀ ਦੇ ਸੰਪੂਰਨ ਜੀਵਨ ਵੇਰਵੇ ਮੈਗਜ਼ੀਨ ਦੇ ਕਿਸੇ ਅਗਲੇ ਅੰਕ ਵਿੱਚ ਛਾਪੇ ਜਾਣਗੇ। - ਮੁੱਖ ਸੰਪਾਦਕ

ਕਹਾਣੀ

# ਗੰਗਾ

ਭੁਪਿੰਦਰ ਸਿੰਘ
ਆਈ.ਏ.ਐੱਸ. (ਰਿਟਾ.)



ਪਾਲਤੂ ਜਾਨਵਰ ਰੱਖਣ ਦਾ ਸ਼ੌਕ ਮੈਂ ਕਦੇ ਨਹੀ ਪਾਲਿਆ। ਪੰਛੀਆਂ ਨੂੰ ਕੈਦ ਕਰਨ ਦਾ ਤਾਂ ਕਦੀ ਵੀ ਨਹੀ ਪਰ ਬੱਚਿਆਂ ਦੇ ਹਠ ਮੂਹਰੇ ਕੌਣ ਅੜੇ।ਪੀਹੜੀ ਦੇ ਫਰਕ ਨੂੰ ਸਵੀਕਾਰ ਕਿਵੇਂ ਨਾ ਕੀਤਾ ਜਾਵੇ। ਵਡੇਰੇ ਸਦਾ ਝੁਕਦੇ ਆਏ। ਜਿੱਤ ਸਦਾ ਨਵੇਂ ਪੋਚ ਦੀ ਹੁੰਦੀ ਆਈ।ਕੁੱਤਾ ਰੱਖਣ ਦੀ ਪ੍ਰੇਰਣਾ ਦਾ ਮੈਂ ਸਦਾ ਵਿਰੋਧ ਕਰਦਾ ਰਿਹਾ।

"ਪਾਪਾ, ਅਸੀਂ ਕੁੱਤਾ ਲਵਾਂਗੇ ਜਰਮਨ ਸ਼ੈਫਰਡ"

"ਨਾ ਬੇਟਾ,ਹਲਕਿਆ ਕੁੱਤਾ ਕਿਸੇ ਨੂੰ ਵੱਢ ਜਾਏ ਤਾਂ ਉਹ ਬੰਦਾ ਵੀ ਹਲਕ ਜਾਂਦੈਂ ਤੇ ਬੜੀ ਤਰਸਯੋਗ ਮੌਤੇ ਮਰਦਾ ਐ ਓਹ।"

"ਅੱਜ ਕੱਲ੍ਹ ਤਾਂ ਪਾਪਾ ਟੀਕੇ ਲੁਆ ਲਈਏ ਤਾਂ ਕੁੱਤਾ ਹਲਕਦਾ ਈ ਨਹੀ।" ਬੱਚੇ ਨੂੰ ਪੂਰਾ ਵਿਸ਼ਵਾਸ ਸੀ ਅਜੋਕੀ ਥਰੈਪੀ 'ਤੇ।

"ਮੰਨਿਆ ਕਰਦੇ ਐਂ ਪੁੱਤਰ। ਸਧਾਰਨ ਕੁੱਤਾ ਵੀ ਵੱਢ ਜਾਏ ਤਾਂ ਚੌਦਾਂ ਟੀਕੇ ਲੱਗਦੇ ਨੇ।ਉਹ ਵੀ ਢਿੱਡ ਵਿਚ।" ਮੈਂ ਡਰਾਉਣ ਦੀ ਕੋਸ਼ਿਸ ਕੀਤੀ ਪਰ ਉਨ੍ਹਾਂ ਮੇਰੀ ਹੀ ਖਿੱਲੀ ਉੜਾ ਦਿੱਤੀ।

"ਪਾਪਾ ਟੀਕਿਆਂ ਤੋਂ ਡਰ ਗਏ ਡਰਪੋਕ ਪਾਪਾ"

"ਕਾਕਾ, ਮੈਂ ਟੀਕਿਆਂ ਤੋਂ ਨਹੀਂ ਡਰਦਾ ਲੋਕਾਂ ਤੋਂ ਡਰਦਾਂ। ਸਭ ਮੇਰੇ ਵੱਲ ਉਂਗਲਾਂ ਕਰਕੇ ਕਿਹਾ ਕਰਨਗੇ ਕਿ ਉਹ ਜਾਂਦਾ ਕੁੱਤੇ ਦਾ ਵੱਢਿਆ।" ਮੈਂ ਗੱਲ ਹਾਸੇ ਪਾਉਣੀ ਚਾਹੀ ਪਰ ਉਨ੍ਹਾਂ ਗੱਲ ਭੁੰਜੇ ਡਿੱਗਣ ਈ ਨਾ ਦਿੱਤੀ।

"ਕੁੱਤਾ ਬੜਾ ਵਫਾਦਾਰ ਜਾਨਵਰ ਐ। ਬੜੀ ਪਛਾਣ ਹੁੰਦੀ ਐ ਆਪਣੇ ਬੰਦਿਆ ਦੀ। ਘਰ ਦੇ ਮਾਲਕ ਨੂੰ ਤਾਂ ਵੱਢਦਾ ਈ ਨਹੀਂ। ਕਿੰਨਾ ਵੀ ਪਾਗਲ ਹੋ ਜਾਏ ਦੂਰੋਂ ਚਾਲ ਪਛਾਣ ਲੈਂਦਾ।"

"ਦੇਖੋ ਪੁੱਤ ਜੀ, ਮੈਂ ਜਾਣਾ ਹੁੰਦਾ ਹੈ ਕਦੀ ਕਦੀ ਡਿਨਰ ਪਾਰਟੀ 'ਤੇ। ਦੋ ਪੈਗ ਲਾਏ ਹੋਣ ਤਾਂ ਚਾਲ-ਢਾਲ ਵਿੱਚ ਫਰਕ ਤਾਂ ਆਉਣਾ ਈ ਹੋਇਆ। ਕਿੱਧਰੇ ਐਲੀ ਐਲੀ ਕਰ ਕੇ ਪੈ ਗਿਆ ਤਾਂ ਮੇਰੀ ਤਾਂ ਫੀਤੀ ਫੀਤੀ ਕਰ ਦਊ।"

ਪਤਾ ਨਹੀ ਮੇਰੀ ਦਲੀਲ ਉਨ੍ਹਾਂ ਦੇ ਮਨ ਲਗ ਗਈ ਜਾਂ ਇਸ ਵਿੱਚ ਵੀ ਸਿਆਸਤ ਸੀ ਕੋਈ। ਬੱਚੇ ਕੁੱਤਾ ਛੱਡ ਕੇ ਤੋਤੇ ਤੇ ਆ ਟਿਕੇ। ਮੈਂ ਹਾਰ ਮੰਨ ਲਈ। ਹੱਠ ਜਿੱਤ ਗਿਆ।

ਤੋਤਾ ਕਿਹੜਾ ਦੀਵੇ ਨਾਲ ਟੋਲਣ ਜਾਣਾ ਸੀ। ਦੇਖੀ ਬੈਠੇ ਸੀ ਪਹਿਲਾਂ ਈ ਕਿਸੇ ਬੁੱਢੇ ਰੁੱਖ ਦੀ ਖੋੜ ਵਿਚ। ਨਿੱਕਾ ਬੱਚਾ ਈ ਸੀ ਅਜੇ। ਮਸਾਂ ਕੁਝ ਦਿਨਾਂ ਦਾ। ਹਰੀ ਹਰੀ ਲੂਈ ਖੰਭ ਨਹੀ ਸੀ ਬਣੀ ਅਜੇ। ਊਂ ਸੋਹਣਾ ਸੀ ਦੇਖਣ ਪਾਖਣ ਨੂੰ। ਜਗਦੀਆਂ ਅੱਖਾਂ ਨਾਲ ਚਾਰੇ ਪਾਸੇ ਝਾਕਦਾ। ਚੌਗਿਰਦੇ ਨੂੰ। ਆਲੇ ਦੁਆਲੇ ਨੂੰ। ਜੋ ਉਸ ਪਹਿਲਾਂ ਕਦੀ ਨਹੀ ਸੀ ਦੇਖਿਆ। ਇਕ ਨਵਾਂ ਤਜਰਬਾ। ਬੱਚੇ ਅਪਣੀਆਂ ਸੋਹਲ ਨਾਜ਼ੁਕ ਉਂਗਲੀਆਂ ਨਾਲ ਉਹਦੀ ਚੁੰਝ ਵਿੱਚ ਚੋਗ ਚੁਗਾਉਂਦੇ। ਬੜੀ ਅੱਛੀ ਗਿਜ਼ਾ ਮਿਲਦੀ ਉਹ ਨੂੰ। ਸਵਾਦ ਵੀ ਤੇ ਪੌਸ਼ਟਿਕ ਵੀ। ਦਿਨਾਂ ਵਿੱਚ ਈ ਉਹ ਉਡਾਰੂ ਹੋ ਗਿਆ। ਬੱਚੇ ਆਪਣੇ ਮਾਸੂਮ ਪੋਟੇ ਓਹਦੀ ਚੁੰਝ ਖੋਲ੍ਹ ਕੇ ਵਿਚ ਪਾ ਦਿੰਦੇ ਪਰ ਉਹ ਸਭ ਨੂੰ ਆਪਣੀ ਜੀਭ ਨਾਲ ਪਿਆਰ ਦਿੰਦਾ ਰਹਿੰਦਾ।

ਅਜੀਬ ਬਹਿਸ ਛਿੜ ਪਈ ਇਕ ਦਿਨ। ਇਹ ਤੋਤਾ ਹੈ ਕਿ ਤੋਤੀ। ਮੈਂ ਕਿਹਾ "ਇਹਨੂੰ ਈ ਪੁੱਛ ਲਓ। ਜੇ ਗੰਗਾ ਰਾਮ ਕਹੇ ਤਾਂ ਤੋਤਾ ਜੇ ਗੰਗਾ ਕਹੇ ਤਾਂ ਤੋਤੀ।

"ਇਹਨੂੰ ਕਿਹੜਾ ਬੋਲਣਾ ਆਉਂਦਾ" ਸਭ ਹੱਸ ਪਏ। ਆਖਰ ਪਤਾ ਕਰਾਇਆ। ਇਹਦਾ ਨਾਉਂ ਗੰਗਾ ਧਰ ਦਿੱਤਾ।

ਪੰਛੀਆਂ ਦੀ ਦੁਨੀਆਂ ਵਿੱਚ ਕੁਦਰਤ ਨੇ ਸੁਹੱਪਣ ਕੇਵਲ ਨਰ ਪੰਛੀਆਂ ਨੂੰ ਦਿੱਤਾ। ਰੰਗ ਬਰੰਗਾ ਤੇ ਪੂਰੀ ਸ਼ਾਨ ਆਕੜ ਵਾਲਾ ਮੁਰਗਾ। ਨੀਲਾਂਬਰੀ ਪੈਲਾਂ ਪਾਉਂਦਾ, ਕਲਗੀ ਵਾਲਾ ਸ਼ਹਿਨਸ਼ਾਹ ਮੋਰ। ਗਲ ਵਿਚ ਗਾਨੀ ਤੇ ਚੰਚਲਤਾ ਦਾ ਪ੍ਰਤੀਕ ਚਿੜਾ। ਪਰ ਗੰਗਾ ਮਾਦਾ ਹੁੰਦੀ ਹੋਈ ਵੀ ਬਹੁਤ ਖੂਬਸੂਰਤ ਸੀ ਹਰੀ ਕਚੂਰ।ਮਾਣ ਮੱਤੀ। ਦਾਨੀ-ਬੀਬੀ ਜਿਹੀ।ਦਸ ਲੱਖ 'ਚੋਂ ਇੱਕ। ਦੂਰੋਂ ਪਛਾਣੀ ਜਾਂਦੀ। ਜਿਉਂ ਜਿਉਂ ਵੱਡੀ ਹੁੰਦੀ ਜਾਂਦੀ-ਸੋਹਣੀ ਨਿਕਲਦੀ ਆਉਂਦੀ।

ਪਤਾ ਨਹੀ ਮਨੁੱਖਾਂ ਦੀ ਭਾਸ਼ਾ ਉਸ ਕਿਵੇ ਸਿੱਖ ਲਈ। ਜਦੋਂ ਵੀ ਮੈਂ ਘਰੋਂ ਬਾਹਰ ਜਾਂਦਾ ਬੜੇ ਤਪਾਕ ਨਾਲ ਕਹਿੰਦੀ,"ਪਾਪਾ"।

"ਹਾਂ ਪੁੱਤਰ" ਮੈਂ ਸਿਰ 'ਤੇ ਪਿਆਰ ਦਿੰਦਾ। ਕੁਝ ਖਾਣ ਨੂੰ ਵੀ। ਸ਼ਾਮੀਂ ਘਰ ਆਉਂਦਾ ਤਾਂ ਮੇਰੀ ਪਤਨੀ ਵਾਂਗ ਈ ਮੈਨੂੰ ਪੁੱਛਦੀ।

"ਪਾਪਾ, ਲੇਟ ਹੋ ਗਏ।"

ਮੈਂ ਖਿੱਝ ਕੇ ਕਹਿੰਦਾ। ਲੈ ਘਰ ਵਿਚ ਇਕ ਹੋਰ ਆ ਗਈ, ਮੇਰੀ ਤਪਤੀਸ਼ ਕਰਨ ਵਾਲੀ।

ਜਦੋਂ ਭੁੱਖ ਲੱਗਦੀ ਬੜੇ ਮੋਹ ਨਾਲ ਕਹਿੰਦੀ, "ਮੰਮੀ ਚੂਰੀ ਖਾਣੀ ਐ।"

"ਖਾਹ ਆਪਣੇ ਪਿਓ ਨਾਲ ਈ ਜਿਨ੍ਹਾਂ ਤੈਨੂੰ ਰੱਖਿਆ।"

ਮੇਰੀ ਪਤਨੀ ਡਾਈਨਿੰਗ ਟੇਬਲ 'ਤੇ ਓਹਨੂੰ ਮੇਰੇ ਕੋਲ ਬਠਾ ਦਿੰਦੀ ਤੇ ਨਾਲ ਧਰ ਦਿੰਦੀ ਦੇਸੀ ਘਿਓ ਦੀ ਚੂਰੀ। ਮੇਰੇ ਹੱਥਾਂ ਤੋਂ ਉਹ ਚੁਗਦੀ ਰਹਿੰਦੀ। ਨਾਲੇ ਘੇਰੀਆਂ ਪਾਈ ਜਾਂਦੀ।

ਕਦੀ ਕਦੀ ਬੱਚੇ ਉਹਨੂੰ ਪਿੰਜਰੇ ਤੋਂ ਬਾਹਰ ਵੀ ਕੱਢ ਦਿੰਦੇ ਕਮਰੇ ਵਿਚ। ਉਹ ਬਾਹਰ ਉਡਾਰੀ ਨਾ ਮਾਰਦੀ। ਟਹਿਲਦੀ ਰਹਿੰਦੀ ਕਮਰੇ ਵਿਚ। ਸਾਰਾ ਘਰ ਜਿਵੇਂ ਓਹਦੀ ਮਲਕੀਅਤ ਸੀ। ਫੇਰ ਆਪਣੇ ਆਪ ਪਿੰਜਰੇ ਵਿਚ ਚਲੀ ਜਾਂਦੀ ਜਾਂ ਕਿਸੇ ਕੁਰਸੀ 'ਤੇ ਸੱਜ ਕੇ ਬੈਠ ਜਾਂਦੀ।

ਸਿਆਲ ਦੀਆਂ ਠਰੀਆਂ ਰਾਤਾ। ਅਸੀਂ ਅੰਦਰੀ ਪਏ ਹੁੰਦੇ। ਦਰਵਾਜੇ ਤਾਕੀਆਂ ਸਭ ਬੰਦ। ਇਕ ਮੱਧਮ ਜਿਹੀ ਬੱਤੀ ਜਗਦੀ ਹੁੰਦੀ। ਤੜਕਸਾਰ ਗੰਗਾ ਮੈਨੂੰ ਜਗਾ ਦਿੰਦੀ। ਮੈਂ ਪਿੰਜਰੇ ਦੀ ਤਾਕੀ ਖੋਲ੍ਹ ਦਿੰਦਾ। ਠੁਮਕ ਠੁਮਕ ਪੈਰ ਧਰਦੀ ਉਹ ਸਾਰੇ ਕਮਰੇ ਵਿਚ ਤੁਰੀ ਫਿਰਦੀ। ਦੀਨ ਦੁਨੀਆਂ ਤੋਂ ਬੇਖਬਰ। ਮੇਰੀ ਕਿਸੇ ਗੱਲ ਦੀ ਉਹਨੂੰ ਸਮਝ ਨਹੀ ਸੀ ਆਉਂਦੀ। ਪਰ ਉਹ ਹੁੰਗਾਰਾ ਪੂਰਾ ਦਿੰਦੀ।

"ਗੰਗਾ।"
"ਪਾਪਾ।"
"ਬਹੁਤ ਵਧੀਆਂ ਟੁਰਦੀ ਏ ਤੂੰ।"
"ਪਾਪਾ।"
"ਮਟਕ ਹੁਲਾਰਾ ਐ ਤੇਰੀ ਟੋਰ ਵਿਚ।"
"ਪਾਪਾ।"
"ਇੰਨੀ ਸੋਹਣੀ ਨਾ ਲਗਿਆ ਕਰ।"
"ਪਾਪਾ।"
"ਤੈਨੂੰ ਨਜ਼ਰ ਲੱਗ ਜਾਊ ਕਿਸੇ ਬੇਈਮਾਨ ਦੀ।"
"ਪਾਪਾ।"
"ਤੂੰ ਤਾਂ ਇਉਂ ਟੁਰੀ ਫਿਰਦੀ ਏ ਜਿਵੇ ਇਹ ਘਰ ਤੇਰਾ ਈ ਹੁੰਦਾ ਹੈ।"
"ਪਾਪਾ।"
"ਇਹ ਘਰ ਤੇਰਾ ਨਹੀ ਗੰਗਾ।"
"ਪਾਪਾ।"
"ਕੇਵਲ ਮੇਰੀ ਬਾਂਹ ਤੇਰੀ ਐ।"
"ਪਾਪਾ।"
"ਆ ਜਾ ਬਾਂਹ 'ਤੇ।"

ਉਹ ਉਡਾਰੀ ਮਾਰ ਕੇ ਮੇਰੇ ਡੌਲੇ 'ਤੇ ਆ ਬੈਠਦੀ। ਪੈਲਾਂ ਘੁਮੇਰ ਪਾਉਂਦੀ। ਕਦੀ ਕੂਹਣੀ ਵਾਲੇ ਪਾਸੇ ਨੂੰ। ਕਦੀ ਮੋਢੇ ਵਾਲੇ ਪਾਸੇ। ਫੇਰ ਡੌਲੇ 'ਤੇ ਸਿਰ ਰੱਖ ਕੇ ਨਿਠ ਕੇ ਬੈਠ ਜਾਂਦੀ। ਹਰ ਪਾਸਿਓਂ ਬੇਫਿਕਰ। ਨਿਰਭਓ। ਮੈਂ ਰਜ਼ਾਈ ਉਸ 'ਤੇ ਸਰਕਾ ਦਿੰਦਾ। ਜਦੋ ਪਿਆਰ ਤੇ ਨਿੱਘ ਨਾਲ ਉਹਦਾ ਦਿਲ ਭਰ ਜਾਂਦਾ ਉਹ ਆਪਣੇ ਆਪ ਉੱਠ ਕੇ ਚਲੀ ਜਾਂਦੀ ਆਪਣੇ ਪਿੰਜਰੇ ਵੱਲ।
ਕਦੀ ਕਦੀ ਦਿਨ ਵੇਲੇ ਜਦੋਂ ਦਰਵਾਜ਼ਾ ਬੰਦ ਕਰਕੇ ਉਹਨੂੰ ਖੁੱਲ੍ਹੀ ਛੱਡ ਦਿੰਦੇ,ਉਹ ਮੇਰੇ ਮੋਢੇ 'ਤੇ ਆ ਬੈਠਦੀ।

"ਗੰਗਾ।"
"ਪਾਪਾ।"
"ਹਟ ਕੰਮ ਕਰਨ ਦੇ ਨਾ।"
"ਪਾਪਾ।"
"ਤੂੰ ਤਾਂ ਮੇਰਾ ਮੋਢਾ ਛਿੱਲ ਦਿੱਤਾ।"
"ਪਾਪਾ।"
"ਚੱਲ ਆਪਣੇ ਪਿੰਜਰੇ ਵਿਚ।"

ਪਿੰਜਰੇ ਦਾ ਨਾਂ ਸੁਣ ਕੇ ਉਹ ਦਹਿਲ ਜਾਂਦੀ ਤੇ ਮੇਰੀ ਗਰਦਨ ਨਾਲ ਲੱਗ ਕੇ ਸ਼ਹਿ ਕੇ ਬੈਠ ਜਾਂਦੀ ਪਰ ਬੋਲਦੀ ਕੁੱਝ ਨਾ। ਮੈਨੂੰ ਵਿਸ਼ਵਾਸ ਹੋ ਗਿਆ ਗੰਗਾ ਹੁਣ ਕਿਧਰੇ ਨਹੀਂ ਜਾਵੇਗੀ।
ਉਹ ਮੇਰੇ ਮੋਢੇ 'ਤੇ ਸੀ। ਮੈਂ ਤਾਕੀ ਖੋਲ੍ਹੀ ਤੇ ਉਸ ਨਾਲ ਗੱਲਾਂ ਕਰਨ ਲੱਗ ਪਿਆ।
"ਉਹ ਦੇਖ ਗੰਗਾ ਹਰਿਆ ਭਰਿਆ ਨਿੰਮ ਦਾ ਰੁੱਖ। ਕਿੰਨੀ ਸੰਘਣੀ ਛਾਂ ਐ ਓਹਦੀ। ਪੰਛੀਆਂ ਦੇ ਉਡਣ ਬੈਠਣ ਲਈ। ਕਿੰਨੀ ਪਿਆਰੀ ਹਰੇਵਾਈ। ਪੰਛੀ ਤਰ੍ਹਾਂ ਤਰ੍ਹਾਂ ਦੀਆਂ ਬੋਲੀਆਂ ਬੋਲਦੇ। ਨਮੋਲੀਆਂ ਖਾਂਦੇ। ਆਪਣੇ ਆਲ੍ਹਣੇ ਸਜਾਉਂਦੇ। ਆਪਣੇ ਉਜਲੇ ਭਵਿੱਖ.....।"

ਮੇਰੀਆਂ ਗੱਲਾਂ ਅੱਧ-ਵਿਚਾਲੇ ਈ ਸਨ ਕਿ ਗੰਗਾ ਬਿਨਾਂ ਹੁੰਗਾਰਾ ਦਿੱਤਿਆਂ ਉਡਾਰੀ ਮਾਰ ਗਈ। ਤਲਾਸ਼ ਕਰਨ ਤੇ ਵੀ ਨਾ ਮਿਲੀ। ਬੱਚਿਆਂ ਨੇ ਉਹਦਾ ਨਾਂ ਲੈ ਲੈ ਕੇ ਵੀ ਬੁਲਾਇਆ ਪਰ ਉਤਰ ਕੋਈ ਨਾ।
ਸ਼ਾਮੀ ਗੰਗਾ ਆਪਣੇ ਆਪ ਪਰਤ ਆਈ। ਕਈ ਥਾਵਾਂ ਤੋਂ ਖੰਭ ਨੋਚੇ ਹੋਏ। ਵਿਚੋਂ ਖ਼ੂਨ ਰਿਸਦਾ। ਸ਼ਾਇਦ ਉਹਨੂੰ ਪੰਛੀਆਂ ਦੀ ਭਾਸ਼ਾ ਨਹੀ ਸੀ ਆਉਂਦੀ। ਜਾਂ ਉਹਦੀ ਭਾਸ਼ਾ ਓਪਰੀ ਸੀ। ਰੱਬ ਜਾਣੇ ਕਿਸ ਗੱਲੇ ਨੋਕ ਝੋਂਕ ਹੋ ਗਈ।
ਸਾਰੀ ਰਾਤ ਅਸੀਂ ਦਵਾਈਆਂ ਦੇ ਲੇਪ ਕਰਦੇ ਰਹੇ। ਚੂਰੀ ਕੁੱਟ ਕੇ ਵੀ ਦਿੱਤੀ। ਰੁੱਸੀ ਨੂੰ ਮਨਾਇਆ ਵੀ ਬਹੁਤ ਪਰ ਗੰਗਾ ਪਤਾ ਨਹੀਂ ਕੀ ਸੋਚਦੀ ਰਹੀ। ਕਿਸ ਦੁਨੀਆਂ ਵਿੱਚ ਗੁਆਚ ਗਈ ਉਹ। ਐਸੀ ਰੁੱਸੀ ਕਿ ਮੰਨੀ ਈ ਨਾ। ਸਗੋਂ ਗੱਲ ਕਰਿਆਂ ਖਿੱਝਣ ਲੱਗ ਪਈ। "ਕਿਸੇ ਪੰਛੀ ਨੂੰ ਕੈਦ ਕਿਉਂ ਕਰਨਾ ਹੋਇਆ। ਮੈਂ ਸੋਚਿਆ। ਉਸ ਦੋਵੇਂ ਜੱਗ ਦੇਖ ਲਏ ਸਨ। ਸਾਡੇ ਕੋਲ ਰਹਿਣਾ ਤਾਂ ਜੀ ਸਦਕੇ। ਉੱਡ ਜਾਣਾ ਤਾਂ ਵੀ ਉਹਦੀ ਖੁਸ਼ੀ।

"ਗੰਗਾ।"
"ਪਾਪਾ।" ਉਸ ਰੋਣੀ ਜਿਹੀ ਆਵਾਜ਼ ਨਾਲ ਕਿਹਾ।
"ਆ ਮੇਰੇ ਮੋਢੇ ਤੇ।" ਮੈਂ ਪੂਰੇ ਮੋਹ ਪਿਆਰ ਨਾਲ ਦਿਲਬਰੀ ਦਿੱਤੀ। ਉਹ ਮੋਢੇ 'ਤੇ ਆ ਬੈਠੀ।ਮੈਂ ਦਰਵਾਜ਼ਾ ਖੋਲ੍ਹਿਆ ਤੇ ਪੁਚਕਾਰ ਕੇ ਓਹਨੂੰ ਕਿਹਾ।
"ਗੰਗਾ ਦੇਖ, ਇਸ ਪਾਸੇ ਇਹ ਨਿੱਕਾ ਜਿਹਾ ਕਮਰਾ ਐ। ਕਮਰੇ ਦੀ ਘੁਟਣ ਕੈਦਾਂ। ਬੰਦਸ਼ਾਂ। ਮਜਬੂਰੀਆਂ। ਬਾਹਰ ਖੁਲ੍ਹੀ ਫਿਜ਼ਾ ਹੈ। ਰੁੱਖ ਨੇ, ਉਡਾਰੀਆਂ ਤੇ ਖੁਲਾਂ ਨੇ। ਜਿਹੜੀ ਜ਼ਿੰਦਗੀ ਤੇਰੇ ਮਨ ਭਾਵੇ ਪਸੰਦ ਕਰ ਲੈ।"
ਗੰਗਾ ਨੇ ਮੇਰੇ ਵੱਲ ਦੇਖਿਆ, ਫੇਰ ਕਮਰੇ ਤੇ ਆਪਣੇ ਪਿੰਜਰੇ ਵੱਲ ਝਾਤੀ ਮਾਰੀ। ਬਾਹਰ ਵੱਡੇ ਨਿੰਮ ਦੇ ਰੁੱਖ ਵੱਲ ਵੀ ਤੇ ਹਲਕੇ ਨੀਲੇ ਅਕਾਸ਼ ਵੱਲ ਵੀ। ਉਸ ਬਾਹਰ ਦੀ ਜ਼ਿੰਦਗੀ ਤੋਂ ਮੂੰਹ ਮੋੜ ਲਿਆ ਤੇ ਮੇਰੇ ਗਲ ਨਾਲ ਜੁੜ ਗਈ ਤੇ ਆਪਣੀ ਮੋਟੀ ਜਿਹੀ ਜੀਭ ਨਾਲ ਪਿਆਰ ਕਰਨ ਲੱਗੀ। ਮੈਂ ਉਹਨੂੰ ਪਿਆਰ ਕਰਨ ਲੱਗਾ।ਬੋਲਿਆ ਕੁਝ ਨਾ। ਮੇਰੇ ਪਿਆਰ ਕਰਦਿਆਂ ਉਸ ਫੇਰ ਬਾਹਰ ਵਨੀ ਦੇਖਿਆ। ਹਰੇ ਕਚੂਰ ਨਿੰਮ ਦੇ ਰੁੱਖ ਵੱਲ। ਨਿੰਮ ਦੀ ਡਾਲ 'ਤੇ ਬੈਠੇ ਇਕ ਤੋਤੇ ਵੱਲ ਜੋ ਪਤਾ ਨਹੀ ਕਦੋਂ ਦਾ ਉਹਦੀ ਉਡੀਕ ਵਿਚ ਬੈਠਾ ਸੀ। ਫੇਰ ਬਿਨਾਂ ਕੁਝ ਬੋਲਿਆਂ ਓਹ ਉੱਡ ਗਈ ਤੇ ਕਦੀ ਵਾਪਸ ਨਹੀ ਆਈ।


ਅਜ਼ੀਮ ਫਿਜ਼ਾ ਤੋਂ ਵੀ ਵਿਸ਼ਾਲ ਮੇਰੀ ਗੰਗਾ
ਗੰਗਾ ਤੋਂ ਵੀ ਪਵਿੱਤਰ ਮੇਰੀ ਗੰਗਾ।

ਮੂਲ ਪਿੰਡ ਮਹਿਤਪੁਰ (ਉਲੱਦਣੀ)
ਜ਼ਿਲ੍ਹਾ : ਸ਼ਹੀਦ ਭਗਤ ਸਿੰਘ ਨਗਰ

ਵਿਦੇਸ਼ ਯਾਤਰਾ

ਡਾ. ਅਜਮੇਰ ਸਿੰਘ

# ਵੇਖੀ ਸੁਣੀ ਸੁਨਹਿਰੀ ਧਰਤੀ- ਕੈਲੇਫੋਰਨੀਆ



ਇਸ ਵਰ੍ਹੇ ਜਦੋਂ ਅਮਰੀਕਾ ਦੇ ਦੱਖਣੀ ਪ੍ਰਾਂਤ ਟੈਕਸਾਸ ਦੇ ਇਤਿਹਾਸਿਕ ਸ਼ਹਿਰ ਡੈਲਸ ਗਏ ਤਾਂ ਕੈਲੇਫੋਰਨੀਆ ਦੇ ਸ਼ਹਿਰ ਸਨਹੋਜ਼ੇ ਜਾਣ ਦਾ ਸਬੱਬ ਬਣ ਗਿਆ। ਗੱਲਾਂ ਗੱਲਾਂ ਵਿੱਚ ਗੋਲਡਨ ਗੇਟ ਬਰਿੱਜ ਦਾ ਜ਼ਿਕਰ ਆਇਆ ਤਾਂ ਇਸਨੂੰ ਵੇਖਣ ਦਾ ਪ੍ਰੋਗਰਾਮ ਬਣ ਗਿਆ। ਜਦੋਂ ਇਸ ਗੇਟ ਨਾਲ 'ਗੋਲਡਨ' ਸ਼ਬਦ ਜੁੜਨ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਕੈਲੇਫੋਰਨੀਆ ਰਾਜ ਦਾ ਨਿੱਕਨੇਮ 'ਗੋਲਡਨ ਸਟੇਟ' ਹੈ। ਫਿਰ ਇਸ ਸੁਨਹਿਰੀ ਧਰਤੀ ਵਿੱਚ ਅਜਿਹੀ ਦਿਲਚਸਪੀ ਵਧੀ ਕਿ ਇਸਨੂੰ ਹਰ ਪੱਖ ਤੋਂ ਨਿਹਾਰਨ ਤੇ ਘੋਖਣ ਦੀ ਤਾਂਘ ਪੈਦਾ ਹੋ ਗਈ। ਇੱਕ ਹਫ਼ਤੇ ਦੇ ਸੀਮਿਤ ਸਮੇਂ ਦੌਰਾਨ ਵੇਖਣ, ਸੁਣਨ ਤੇ ਪੜ੍ਹਨ ਵਿੱਚ ਜੋ ਕੁੱਝ ਆਇਆ ਉਸਨੂੰ ਸੰਖੇਪ ਰੂਪ ਵਿੱਚ ਪ੍ਰਗਟ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਤੋਂ ਕੈਲੇਫੋਰਨੀਆ ਦੇ ਨਾਲ ਨਾਲ ਅਮਰੀਕਾ ਦੀ ਵੀ ਵਿਲੱਖਣਤਾ, ਵਿਸ਼ਾਲਤਾ ਤੇ ਵਨਸੁਵੰਨਤਾ ਦਾ ਝਲਕਾਰਾ ਪੈਂਦਾ ਹੈ।

ਅਮਰੀਕਾ (ਯੂ.ਐੱਸ.ਏ.) ਦੇ ਪੱਛਮੀ ਕਿਨਾਰੇ 'ਤੇ ਸਥਿਤ ਕੈਲੇਫੋਰਨੀਆ ਇਸ ਦੇਸ਼ ਦਾ ਸਭ ਤੋਂ ਵੱਧ ਆਬਾਦੀ (38,802,500) ਵਾਲਾ ਪ੍ਰਾਂਤ ਹੈ। ਇਹ ਖੇਤਰ ਉੱਤਰ ਵਿੱਚ ਆਰੇਗਨ ਪ੍ਰਾਂਤ, ਪੱਛਮ ਵਿੱਚ ਪ੍ਰਸ਼ਾਂਤਮਹਾਂਸਾਗਰ, ਦੱਖਣ ਵਿੱਚ ਮੈਕਸੀਕੋ ਦੇਸ਼, ਦੱਖਣ-ਪੂਰਬ ਵਿੱਚ ਐਰੀਜੋਨਾ ਪ੍ਰਾਂਤ ਅਤੇ ਪੂਰਬ ਵਿੱਚ ਨੇਵਾਡਾ ਪ੍ਰਾਂਤ ਵਿਚਕਾਰ ਘਿਰਿਆ ਹੋਇਆ ਹੈ। ਖੇਤਰਫਲ ਦੇ ਹਿਸਾਬ ਨਾਲ ਅਮਰੀਕਾ ਵਿੱਚ ਤੀਜੇ ਨੰਬਰ 'ਤੇ ਆਉਂਦਾ ਇਹ ਪ੍ਰਾਂਤ ਉੱਤਰ ਤੋਂ ਦੱਖਣ ਵੱਲ 1240 ਕਿਲੋਮੀਟਰ ਲੰਬਾ ਅਤੇ ਪੂਰਬ ਤੋਂ ਪੱਛਮ ਵੱਲ 400 ਕਿਲੋਮੀਟਰ ਚੌੜਾ ਆਪਣੇ ਅੰਦਰ 423970 ਵਰਗ ਕਿਲੋਮੀਟਰ ਧਰਤੀ ਸਮੋਈ ਬੈਠਾ ਹੈ।

ਕੈਲੇਫੋਰਨੀਆ ਦਾ ਇਤਿਹਾਸ ਵੀ ਬਹੁਤ ਦਿਲਚਸਪ ਹੈ। ਕਿਹਾ ਜਾਂਦਾ ਹੈ ਕਿ ਸਦੀਆਂ ਪਹਿਲਾਂ ਇੱਥੋਂ ਦੀ ਕਬਾਇਲੀ ਇੱਕ ਰਾਣੀ ਕੈਲੇਫੀਆ ਰਾਜ ਕਰਦੀ ਸੀ ਜਿਸ ਕਾਰਨ ਇਸ ਦਾ ਨਾਮ ਕੈਲੇਫੋਰਨੀਆ ਪੈ ਗਿਆ। ਉਸ ਸਮੇਂ ਇਸ ਰਾਜ ਵਿੱਚ ਹੁਣ ਵਾਲਾ ਮੈਕਸੀਕੋ ਦੇਸ਼, ਕੈਲੇਫੋਰਨੀਆ, ਨੇਵਾਡਾ ਤੇ ਉਟਾਹ ਪ੍ਰਾਂਤ, ਐਰੀਜੋਨਾ ਪ੍ਰਾਂਤ ਦੇ ਕੁੱਝ ਭਾਗ ਨਿਊ ਮੈਕਸੀਕੋ ਪ੍ਰਾਂਤ, ਟੈਕਸਾਸ ਅਤੇ ਵਾਇਓਵਿੰਗ ਪ੍ਰਾਂਤ ਸ਼ਾਮਿਲ ਸਨ। 16ਵੀਂ ਅਤੇ 17ਵੀਂ ਸਦੀ ਵਿੱਚ ਇੱਥੇ ਯੂਰਪੀਅਨਾਂ ਦੀਆਂ ਮੁਹਿੰਮਾਂ ਸ਼ੁਰੂ ਹੋ ਗਈਆਂ। ਸੰਨ 1602 ਵਿੱਚ ਇੱਥੇ ਸਪੇਨੀ ਮਿਸ਼ਨਰੀਆਂ ਨੇ ਆਪਣੀਆਂ ਬਸਤੀਆਂ ਉਸਾਰ ਲਈਆਂ ਅਤੇ ਉਨੀਵੀਂ ਸਦੀ ਦੇ ਆਰੰਭ ਵਿੱਚ ਰੂਸੀ ਸਮਰਾਜੀਆਂ ਨੇ ਵੀ ਸਾਂਫ੍ਰਾਸਿਸਕੋ 'ਚ ਝੰਡੇ ਲਿਆ ਗੱਡੇ। ਸੰਨ 1821 ਵਿੱਚ ਮੈਕਸੀਕਨ ਵਾਰ ਆਫ ਇੰਡੀਪੈਂਡਸ ਤੋਂ ਬਾਅਦ ਮੈਕਸੀਕਾ ਨੇ ਇਹ ਇਲਾਕਾ ਸਪੇਨੀਆਂ ਤੋਂ ਆਜ਼ਾਦ ਕਰਵਾ ਲਿਆ। ਅਗਲੇ ਵੀਹ ਸਾਲ ਕੈਲੇਫੋਰਨੀਆ ਦੇ ਲੋਕ ਮੈਕਸੀਕੋ ਤੋਂ ਛੁਟਕਾਰਾ ਪਾਉਣ ਲਈ ਲਗਾਤਾਰ ਲੜਦੇ ਰਹੇ ਪਰੰਤੂ ਸਫ਼ਲ ਨਹੀਂ ਹੋਏ। ਆਖਿਰ ਸੰਨ 1846-47 ਦੀ ਮੈਕਸੀਕਨ-ਅਮਰੀਕਾ ਜੰਗ ਦੇ ਨਤੀਜੇ ਵਜੋਂ ਕੈਲੇਫੋਰਨੀਆ ਨੂੰ ਅਮਰੀਕਾ ਵਿੱਚ ਸ਼ਮਿਲ ਕਰਕੇ 9 ਸਤੰਬਰ 1850 ਨੂੰ ਇਸਦੇ ਇੱਕ ਭਾਗ ਨੂੰ ਦੇਸ਼ ਦਾ 31ਵਾਂ ਪ੍ਰਾਂਤ ਘੋਸ਼ਿਤ ਕਰ ਦਿੱਤਾ। ਸੰਨ 1848 ਦਾ ਸਾਲ ਕੈਲੇਫੋਰਨੀਆ ਦੀ ਕਿਸਮਤ ਨੂੰ ਚਾਰ ਚੰਨ ਲਾ ਗਿਆ ਜਦੋਂ ਵਿਗਿਆਨੀ ਜੇਮਜ਼ ਮਾਰਸ਼ਲ ਨੇ ਇਸ ਪ੍ਰਾਂਤ ਦੇ ਕੋਲੋਮਾ ਸਥਾਨ 'ਤੇ ਸੋਨੇ ਦੇ ਭੰਡਾਰਾਂ ਦਾ ਪਤਾ ਲਗਾ ਗਿਆ। ਇਹ ਸੁਣਦਿਆਂ ਹੀ ਚੀਨ ਤੇ ਯੂਰਪੀ ਦੇਸ਼ ਅਤੇ ਅਮਰੀਕਾ ਦੇ ਪੂਰਬੀ ਭਾਗ ਤੋਂ ਹਜ਼ਾਰਾਂ ਲੋਕਾਂ ਨੇ ਕੈਲੇਫੋਰਨੀਆ ਵੱਲ ਵਹੀਰਾਂ ਘੱਤ ਲਈਆਂ। ਇਸ ਘਟਨਾ ਨੂੰ ਇਤਿਹਾਸ ਵਿੱਚ 'ਕੈਲੇਫੋਰਨੀਆ ਗੋਲਡ ਰਸ਼" ਆਖਿਆ ਗਿਆ ਹੈ। ਸਿੱਟੇ ਵਜੋਂ ਅਗਲੇ ਚਾਰ ਸਾਲ ਵਿੱਚ ਇਸ ਪ੍ਰਾਂਤ ਦੀ ਆਬਾਦੀ 14000 ਤੋਂ ਵੱਧ ਕੇ 250000 ਹੋ ਗਈ। ਇੱਕ ਅੰਦਾਜ਼ੇ ਅਨੁਸਾਰ ਸੰਨ 1850 ਤੋਂ 1859 ਦੇ ਨੌਂ ਸਾਲਾਂ ਦੌਰਾਨ ਇੱਥੇ ਦੀਆਂ ਖਾਣਾਂ ਵਿੱਚੋਂ 8000 ਕੁਇੰਟਲ ਤੋਂ ਵੀ ਵੱਧ ਸੋਨਾ ਕੱਢਿਆ ਗਿਆ। ਉਸ ਸਮੇਂ ਕੈਲੇਫੋਰਨੀਆ ਵਿੱਚ ਦਾਖਲ ਹੋਣ ਤੇ ਜਾਣ ਦਾ ਇੱਕੋ ਇੱਕ ਰਸਤਾ ਸਾਂਫ੍ਰਾਸਿਸਕੋ ਦੀ ਬੰਦਰਗਾਹ ਹੀ ਸੀ। ਇਸ ਕਾਰਨ ਸਾਂਫ੍ਰਾਸਿਸਕੋ ਸਟ੍ਰੇਟ (Strait) ਦਾ ਨਾਮ 'ਗੋਲਡਨ ਗੇਟ' ਪੈ ਗਿਆ। ਇੱਕ ਹੋਰ ਲਿਖਤ ਅਨੁਸਾਰ ਇਸ ਸਟੇਟ ਦਾ ਨਾਮ 1846 ਵਿੱਚ ਅਮਰੀਕੀ ਸੈਨਾ ਦੇ ਇੰਜਨੀਅਰ ਕੈਪਟਨ ਜਾਹਨ ਸੀ.ਫ੍ਰੀਮੌਂਟ ਨੇ ਕ੍ਰਾਈਸੋਪਾਏਲੇ ਰੱਖਿਆ ਸੀ ਜਿਸਦਾ ਅਰਥ ਹੈ ਗੋਲਡਨ ਗੇਟ।

ਸਨਹੋਜ਼ੇ ਵਿੱਚ ਘਰ ਤੋਂ ਬਾਹਰ ਨਿਕਲਦਿਆਂ ਹੀ ਇੱਕ ਸਾਫ ਸੁਥਰੀ ਰੇਲ ਲਾਈਨ ਨਜ਼ਰ ਆਈ ਜਿਸ 'ਤੇ ਇਕ ਛੋਟਾ ਰੇਲਵੇ ਸਟੇਸ਼ਨ ਸੀ। ਵੇਖਦਿਆਂ - ਵੇਖਦਿਆਂ ਇੱਕ ਤਿੰਨ ਡੱਬਿਆਂ ਵਾਲੀ ਬਿਜਲੀ ਰੇਲ ਆਈ ਤੇ ਮਿੰਟ ਕੁ ਰੁਕਿਆਂ ਬਿਨਾ ਕੋਈ ਰੌਲਾ ਪਾਇਆਂ ਤੁਰ ਗਈ। ਭਾਵੇਂ ਕਿ ਇਸ ਵਿੱਚ ਸਵਾਰੀਆਂ ਤਾਂ ਨਾਮਾਤਰ ਹੀ ਸਨ। ਇਸ ਵਿੱਚ ਨਾ ਕੋਈ ਸੁਰੱਖਿਆ-ਗਾਰਡ ਤੇ ਨਾ ਹੀ ਗਾਰਡ, ਬੱਸ ਇੱਕਲਾ ਡ੍ਰਾਈਵਰ। ਟਿਕਟਾਂ ਵੀ ਸੇਟਸ਼ਨ 'ਤੇ ਲੱਗੀ ਇਕ ਮਸ਼ੀਨ ਹੀ ਦੇ ਰਹੀ ਸੀ। ਇੱਥੋਂ ਵੀਹ ਕੁ ਕਿਲੋਮੀਟਰ ਦੂਰ ਯੂਨੀਅਨ ਸਿਟੀ ਵਿੱਚ ਇੱਕ ਰਿਸ਼ਤੇਦਾਰ ਨੇ ਜਿਸਦੀ ਹੁਣੇ ਹੁਣੇ ਇਹ ਰੇਲਗੱਡੀ ਚਲਾਉਣ ਲਈ ਚੋਣ ਹੋਈ ਸੀ, ਨੇ ਦੱਸਿਆ ਕਿ ਰੇਲਗੱਡੀ ਦੇ ਟਿਕਟ ਨਾਲ ਬੱਸਾਂ ਵਿੱਚ ਵੀ ਸਫ਼ਰ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਸਾਰੀਆਂ ਇੱਕੋ ਕੰਪਨੀ ਦੀਆਂ ਹਨ। ਅਸੀਂ ਇਸ ਲੋਕਲ ਸਫ਼ਰ ਦਾ ਆਨੰਦ ਵੀ ਮਾਣਿਆ ਪੂਰੇ ਕੈਲੇਫੋਰਨੀਆ ਦੀਆਂ ਸਾਰੀਆਂ 58 ਕਾਊਂਟੀਆਂ (ਜ਼ਿਲ੍ਹਿਆਂ) ਅਤੇ 68 ਸ਼ਹਿਰਾਂ ਤੇ ਕਸਬਿਆਂ ਵਿੱਚ ਅਜਿਹੀਆਂ ਮੈਟਰੋ ਟ੍ਰੇਨਜ਼ ਤੇ ਬੱਸਾਂ ਹਨ ਜਿਨ੍ਹਾਂ ਨੂੰ ਪ੍ਰਾਈਵੇਟ ਕੰਪਨੀਆਂ ਚਲਾਉਂਦੀਆਂ ਹਨ। ਵੈਸੇ ਇਸ ਪ੍ਰਾਂਤ ਦੀ ਕੈਲੇਫੋਰਨੀਆ ਹਾਈ ਸਪੀਡ ਰੇਲ

ਅਥਾਰਟੀ ਅਧੀਨ 1100 ਕਿਲੋਮੀਟਰ ਲੰਬੀ ਰੇਲਵੇ ਸੇਵਾ ਦਾ ਵੀ ਪ੍ਰਬੰਧ ਹੈ ਜੋ ਕਿ ਲੰਬੇ ਸਫ਼ਰ ਤੇ ਢੋਆ ਢੁਆਈ ਲਈ ਪ੍ਰਸਿੱਧ ਹੈ। ਕੈਲੇਫੋਰਨੀਆ ਵਿੱਚ ਲਾਸਐਂਜਲਜ਼ ਤੇ ਸਾਂਫ੍ਰਾਂਸਿਸਕੋ ਦੋ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਦਰਜਨਾਂ ਕਮਰਸ਼ੀਅਲ ਤੇ ਏਵੀਏਸ਼ਨ ਹਵਾਈ ਅੱਡੇ ਹਨ। ਰਾਜ ਦੇ ਹਰ ਵੱਡੇ ਸ਼ਹਿਰ ਵਿੱਚ ਡੋਮੈਸਟਿਕ ਹਵਾਈ ਅੱਡੇ ਹਨ।

ਸਨਹੋਜ਼ੇ ਸ਼ਹਿਰ ਨਿਕਲਦਿਆਂ ਹੀ ਇੱਕ ਅਜਿਹੀ ਛੇ- ਮਾਰਗੀ ਸੜਕ 'ਤੇ ਪਏ ਕਿ 50 ਕਿਲੋਮੀਟਰ ਤੱਕ ਕਿਤੇ ਬਰੇਕ ਲਗਾਉਣ ਦੀ ਲੋੜ ਹੀ ਨਹੀਂ ਪਈ। ਨਾ ਕਿਤੇ ਕੋਈ ਟ੍ਰੈਫਿਕ ਪੁਲਿਸ, ਨਾ ਕੋਈ ਨਾਕਾ, ਨਾ ਟੌਲ, ਨਾ ਸਕੂਟਰ-ਸਾਈਕਲ, ਨਾ ਕੋਈ ਬੱਸ, ਨਾ ਟ੍ਰੈਕਟਰ-ਟਰਾਲੀ। ਹਰ ਪਾਸੇ ਟ੍ਰੈਫਿਕ-ਚਿੰਨ, ਸਪੀਡ ਲਿਮਟ, ਐਗਜ਼ਿਟ ਤੇ ਲੇਨ-ਲਾਈਨਾਂ ਬੜੀਆਂ ਹੀ ਸਪਸ਼ਟ। ਸਾਡੀ ਕਾਰ ਦੀ ਸਪੀਡ 100 ਤੋਂ ਵੀ ਵੱਧ ਸੀ। ਕਾਰ ਵਿੱਚ ਨਾਲ ਬੈਠੇ ਮੇਰੇ ਭੂਆ ਦੇ ਲੜਕੇ ਨੇ ਦੱਸਿਆ ਕਿ ਇੱਥੇ ਤਿੰਨ ਪ੍ਰਕਾਰ ਦੀਆਂ ਸੜਕਾਂ ਹਨ। ਕੰਟਰੋਲਡ ਅਕਸੈਸ ਹਾਈਵੇਜ਼ (ਫਰੀਵੇਜ਼), ਲਿਮਟਿਡ ਐਕਸੈਸ ਰੋਡਜ਼ (ਐਕਸਪ੍ਰੈਸ ਵੇਜ਼) ਅਤੇ ਸਟੇਟ ਹਾਈਵੇਜ਼। ਕੈਲੇਫੋਰਨੀਆ ਹਾਈਵੇ ਪੈਟਰੋਲ ਪੁਲਿਸ ਏਜੰਸੀ ਦੇ ਦਸ ਹਜ਼ਾਰ ਤੋਂ ਵੱਧ ਮੁਲਾਜ਼ਮ ਆਪਣੇ ਸੈਟੇਲਾਈਟਸ ਕੈਮਰਿਆਂ ਤੇ ਹੋਰ ਆਧੁਨਿਕ ਟ੍ਰੈਫਿਕ ਸਾਧਨਾਂ ਨਾਲ ਡਰਾਇਵਰਾਂ ਤੇ ਗੁਪਤ ਨਿਗਰਾਨੀ ਰੱਖਦੇ ਹਨ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਾਰਨ ਵਾਲੇ ਨੂੰ ਚਿਤਾਵਨੀ, ਜੁਰਮਾਨਾ, ਲਾਇਸੰਸ ਕੈਂਸਲਿੰਗ ਆਦਿ ਦੇ ਰੂਪ ਵਿੱਚ ਤੁਰੰਤ ਸਖ਼ਤ ਸਜਾਵਾਂ ਦਿੱਤੀਆਂ ਜਾਂਦੀਆਂ ਹਨ।

ਪੌਣਾ ਕੁ ਘੰਟਾ ਸਫ਼ਰ ਕਰਕੇ ਅਸੀਂ ਗੋਲਡਨ ਗੇਟ ਬਰਿੱਜ 'ਤੇ ਪਹੁੰਚ ਗਏ। ਵੇਖ ਕੇ ਹੈਰਾਨੀ ਹੋਈ ਕਿ ਇਸ ਸਸਪੈਂਸ਼ਨ ਬਰਿੱਜ ਦਾ ਰੰਗ ਗੋਲਡਨ ਨਹੀਂ ਬਲਕਿ ਜੰਗਾਲ ਦਾ ਰੰਗ (ਇੰਟਰਨੈਸ਼ਨਲ ਔਰੈਂਜ) ਸੀ। ਪ੍ਰਸ਼ਾਂਤ ਮਹਾਂਸਾਗਰ ਦੀ ਸਾਂਫ੍ਰਾਸਿਸਕੋ ਸਟ੍ਰੇਟ ਤੇ ਬਣਿਆ ਇਹ ਪੁਲ 2.7 ਕਿਲੋਮੀਟਰ ਲੰਬਾ ਤੇ 27 ਮੀਟਰ ਚੌੜਾ ਹੈ। ਇਹ ਪੁਲ ਉੱਤਰ ਵੱਲ ਸਥਿਤ ਮੈਰਿਨ ਕਾਊਂਟੀ ਤੇ ਹੋਰ ਜੰਗ ਨਾਲ ਸਬੰਧਿਤ ਯਾਦਾਂ ਵਾਲੇ ਸਥਾਨਾਂ ਨੂੰ ਸਾਂਫ੍ਰਾਸਿਸਕੋ ਸ਼ਹਿਰ ਨਾਲ ਜੋੜਦਾ ਹੈ। ਇਸਦੇ ਦੋਵੇਂ ਪਾਸੇ ਸਮੁੰਦਰ ਵਿੱਚ ਬਣੇ ਹੋਏ ਦੋ, ਹਰੇਕ 227 ਮੀਟਰ ਉੱਚੇ ਤੇ 44400 ਟੰਨ ਭਾਰ ਵਾਲੇ ਦੋ ਟਾਵਰ ਹਨ ਜਿਨ੍ਹਾਂ ਵਿਚਕਾਰ 0.92 ਮੀਟਰ ਮੋਟਾਈ ਵਾਲੀਆਂ ਤੇ 2332 ਮੀਟਰ ਲੰਬੀਆਂ ਦੋ ਮੁੱਖ ਤਾਰਾਂ ਲਟਕਦੀਆਂ ਹਨ ਜੋ 887 ਹਜ਼ਾਰ ਟਨ ਸੜਕ 'ਦੇ ਭਾਰ ਨੂੰ ਚੁੱਕਦੀਆਂ ਹਨ। ਇਸ ਪੁਲ ਲਈ ਵਰਤੇ ਗਏ 83 ਹਜ਼ਾਰ ਟੰਨ ਲੋਹੇ, 297475 ਘਣਮੀਟਰ ਕੰਕਰੀਟ ਅਤੇ ਮਜ਼ਦੂਰੀ ਆਦਿ 'ਤੇ ਉਸ ਸਮੇਂ 35 ਮਿਲੀਅਨ ਡਾਲਰ ਖਰਚ ਆਇਆ ਸੀ ਜੋ ਹੁਣ ਦੇ ਹਿਸਾਬ ਨਾਲ 1.2 ਬਿਲੀਅਨ ਡਾਲਰ ਬਣਦਾ ਹੈ। ਇਸ ਪੁੱਲ ਨੂੰ ਬਨਾਉਣ ਦੀ ਤਜ਼ਵੀਜ਼ 1929 ਵਿੱਚ ਉਦੋਂ ਬਣੀ ਜਦੋਂ ਅਮਰੀਕਨ ਸਰਕਾਰ ਸਟਾਕ ਮਾਰਕੀਟ ਦੇ ਨਿਘਾਰ (ਗ੍ਰੇਟ ਡਿਪਰੈਸ਼ਨ) ਕਾਰਨ ਘੋਰ ਵਿਤੀ ਸੰਕਟ ਨਾਲ ਜੂਝ ਰਹੀ ਸੀ। ਇਸ ਸਮੇਂ ਹੀ ਕੈਲੇਫੋਰਨੀਆ ਰਾਜ ਦੇ ਛੇ ਉੱਤਰੀ ਜ਼ਿਲ੍ਹਿਆਂ (ਕਾਊਂਟੀਜ਼) ਦੇ ਵਸਨੀਕਾਂ ਨੇ ਅਤਿ ਦੀ ਦੇਸ਼ ਭਗਤੀ ਤੇ ਸਾਹਸ ਦਾ ਪ੍ਰਗਟਾਵਾ ਕਰਦਿਆਂ ਆਪਣੇ ਘਰ, ਫਾਰਮ ਹਾਊਸ, ਬਾਗ ਤੇ ਵਪਾਰਕ ਅਦਾਰੇ ਗਿਰਵੀ ਰੱਖ ਕੇ ਬੌਡਾਂ ਰਾਹੀਂ 35 ਮਿਲੀਅਨ ਡਾਲਰ ਇੱਕਠੇ ਕਰਕੇ ਬਰਿੱਜ ਦੇ ਮੁੱਖ ਇੰਜਨੀਅਰ ਜੌਸਫ਼ ਬਇਰਮਨ ਸਟਰਾਸ ਨੂੰ ਤਾਕਤ ਬਖਸ਼ੀ ਸੀ। ਗੋਲਡਨ ਸਟ੍ਰੇਟ 'ਤੇ ਬਣੇ ਇਸ ਮਹਾਨ ਪੁੱਲ ਦਾ ਨਾ ਵੀ ਗੋਲਡਨ ਗੇਟ ਬਰਿੱਜ ਰੱਖ ਦਿੱਤਾ ਗਿਆ। ਇਸ ਯਾਦਗਾਰੀ ਪੁੱਲ ਤੋਂ ਇਲਾਵਾ ਕੈਲੇਫੋਰਨੀਆ ਵਿੱਚ ਹਾਲੀਵੁੱਡ, ਡਿਜ਼ਨੀਲੈਂਡ, ਯੋਸੇਮਾਈਟ ਨੈਸ਼ਨਲ ਪਾਰਕ ਤੇ ਅਲਮ ਰਾਕ ਗਾਰਡਨ (ਸਨਹੋਜ਼ੇ) ਜਿਹੇ ਵੇਖਣਯੋਗ ਸਥਾਨ ਵੀ ਮੌਜੂਦ ਹਨ। ਸਾਂਫ੍ਰਿਸਕੋ ਸ਼ਹਿਰ ਵਿੱਚ ਹੀ ਗਦਰੀ ਬਾਬਿਆਂ ਦਾ ਹੈੱਡਕੁਆਰਟਰ, ਮੋਸਟ ਕਰੁਕਡ ਸਟਰੀਟ ਤੇ ਫਿਸ਼ਰਮੈਨ ਵਾਰਫ਼ ਆਦਿ ਥਾਵਾਂ ਵੇਖ ਕੇ ਸਥਾਨਕ ਪ੍ਰਬੰਧ ਦੀ ਕੁਸ਼ਲਤਾ ਦੇ ਦਰਸ਼ਨ ਹੋਏ।

ਸਨਹੋਜ਼ੇ ਦੇ ਉੱਤਰ ਵੱਲ ਢਾਈ ਕੁ ਸੌ ਕਿਲੋਮੀਟਰ ਦੂਰ ਯੁਬਾਸਿਟੀ ਨੂੰ ਜਾਣ ਲਈ ਪ੍ਰਾਂਤ ਦੀ ਰਾਜਧਾਨੀ ਸੈਕਰਾਮੈਂਟੋ



ਪਾਸੋਂ ਲੰਘਦਿਆਂ ਜਦੋਂ ਟਰੇਸੀ ਪਾਸ ਪਹੁੰਚੇ ਤਾਂ ਅੰਗੂਰਾਂ, ਅਖਰੋਟਾਂ, ਬਦਾਮਾਂ, ਆੜੂਆਂ ਤੇ ਪਰੂਨ ਫਲਾਂ ਅਤੇ ਸੋਆਬੀਨ ਦੇ ਵਿਸ਼ਾਲ ਬਾਗ ਤੇ ਖੇਤ ਨਜ਼ਰੀਂ ਪਏ। ਇੱਥੇ ਕਿਤੇ ਕਿਤੇ ਛੋਟੀਆਂ ਛੋਟੀਆਂ ਨਹਿਰਾਂ ਨਾਲੇ ਤੇ ਟਿਊਬਵੈੱਲ ਵੀ ਵਿਖਾਈ ਦਿੱਤੇ। ਭੂਰੇ ਰੰਗ ਦੀ ਇਹ ਮਿੱਟੀ ਅਤਿ ਉਪਜਾਊ ਜਾਪੀ। ਇਨ੍ਹਾਂ ਫਾਰਮਾਂ ਵਿੱਚੋਂ ਬਹੁਤੇ ਪੰਜਾਬੀਆਂ ਦੇ ਹਨ ਜੋ 60ਵਿਆਂ-70ਵਿਆਂ ਵਿੱਚ ਇੱਥੇ ਆ ਕੇ ਵਸੇ ਸਨ। ਇੱਥੇ ਹੀ ਸੜਕ 'ਤੇ ਦਿਦਾਰ ਸਿੰਘ ਬੈਂਸ ਦਾ ਹਜ਼ਾਰਾਂ ਏਕੜ ਵਿੱਚ ਫੈਲਿਆ ਖੇਤੀਫਾਰਮ, ਉਸਦੀ ਮਹਿਲਨੁਮਾ ਰਿਹਾਇਸ਼ ਅਤੇ ਤਿੰਨ ਆਲੀਸ਼ਾਨ ਗੁਰਦੁਆਰੇ ਵੇਖੇ ਜਿਨ੍ਹਾਂ ਤੋਂ ਪੰਜਾਬੀਆਂ ਦੀ ਅਮੀਰੀ ਝਲਕਦੀ ਸੀ। ਗੁਰਦੁਆਰਾ ਸਾਹਿਬ ਵਿੱਚ ਹਰ ਸਾਲ ਨਵੰਬਰ ਮਹੀਨੇ, ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮੇਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਂਦਾ ਹੈ। ਜਿਸ ਵਿੱਚ ਅਮਰੀਕਾ ਦੇ ਕੋਨੇ ਕੋਨੇ ਤੋਂ ਸਿੱਖ ਹਾਜ਼ਰ ਹੁੰਦੇ ਹਨ।

ਕੈਲੇਫੋਰਨੀਆ ਦਾ ਖੇਤੀ ਉਤਪਾਦਨ ਅਮਰੀਕਾ ਦੇ ਸਾਰੇ ਪ੍ਰਾਂਤਾਂ ਨਾਲੋਂ ਵੱਧ ਹੈ। ਇਸ ਪ੍ਰਾਂਤ ਵਿੱਚ ਹਰ ਸਾਲ 540 ਹਜ਼ਾਰ ਏਕੜ ਜ਼ਮੀਨ 'ਤੇ ਅੰਗੂਰਾਂ ਦੀ ਖੇਤੀ ਹੁੰਦੀ ਹੈ ਜਿਸਤੋਂ 3.3 ਮਿਲੀਅਨ ਟੰਨ ਵਾਈਨਗਰੇਪਸ ਦੀ ਉਪਜ ਹੁੰਦੀ ਹੈ ਜੋ ਅਮਰੀਕਾ ਦੀ ਕੁੱਲ ਵਾਈਨ ਉਤਪਾਦਨ ਦਾ 90% ਹੈ। ਇਸ ਪ੍ਰਾਂਤ ਦੀ ਇਕਾਨਮੀ ਵਿਸ਼ਵ ਭਰ ਵਿੱਚ ਨੌਵੇਂ ਸਥਾਨ 'ਤੇ ਤਾਕਤਵਰ ਹੈ। ਇਹ ਖੇਤੀਬਾੜੀ, ਆਈ.ਟੀ.ਸੈਕਟਰ,

ਇੰਡਸਟ੍ਰੀਅਲ ਪ੍ਰੋਡਕਸ਼ਨ ਤੇ ਵਪਾਰਕ ਕਾਰੋਬਾਰ 'ਤੇ ਨਿਰਭਰ ਹੈ। ਸਾਲ 2013 ਵਿੱਚ ਕੈਲੇਫੋਰਨੀਆ ਨੇ 2.203 ਟ੍ਰਿਲੀਅਨ ਡਾਲਰ ਦੀ ਗ੍ਰਾਸ ਸਟੇਟ ਪ੍ਰੋਡਕਸ਼ਨ (G.P.S) ਨਾਲ ਅਮਰੀਕਾ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ। ਇਸ ਪ੍ਰਾਂਤ ਦੀ ਗ੍ਰਾਸ ਡੋਮੈਸਟਿਕ ਪ੍ਰੋਡਕਸ਼ਨ (G.P.S) ਪੂਰੇ ਸੰਸਾਰ ਦੇ ਸੱਤ ਦੇਸ਼ਾਂ ਨੂੰ ਛੱਡ ਕੇ ਸੱਭ ਤੋਂ ਵੱਧ ਹੈ।

ਕੈਲੇਫੋਰਨੀਆ ਦੇ ਪਾਣੀ-ਪ੍ਰਬੰਧ ਦਾ ਕਮਾਲ ਹੈ ਕਿ ਇੱਥੇ ਤਿੰਨ ਸਾਲ ਤੋਂ ਨਾਮਾਤਰ ਮੀਂਹ ਪਿਆ ਹੈ ਪਰੰਤੂ ਇਸਦੇ ਬਾਵਜੂਦ ਲੋਕਾਂ ਨੂੰ ਘਰੇਲੂ ਅਤੇ ਜ਼ਿਮੀਦਾਰਾਂ ਨੂੰ ਸਿੰਜਾਈ ਦੇ ਪਾਣੀ ਦੀ ਕੋਈ ਕਿਲੱਤ ਨਹੀਂ ਆਈ। ਇੱਥੇ ਮੀਂਹ ਦੇ ਸਾਰੇ ਪਾਣੀ ਨੂੰ ਵੱਡੇ ਵੱਡੇ ਨਾਲਿਆਂ ਰਾਹੀਂ ਮਸ਼ੀਨਾਂ ਦੁਆਰਾ ਬਣਾਈਆਂ ਝੀਲਾਂ ਵਿੱਚ ਸਾਂਭਿਆ ਜਾਂਦਾ ਹੈ। ਘਰਾਂ ਦੇ ਸਾਰੇ ਗੰਦੇ ਪਾਣੀ ਨੂੰ ਸਾਫ਼ ਕਰਕੇ ਮੁੜ ਵਰਤਿਆ ਜਾਂਦਾ ਹੈ। ਇਸ ਪ੍ਰਾਂਤ ਦਾ ਪਾਣੀ-ਪ੍ਰਬੰਧ ਦੇਸ਼ ਵਿੱਚ ਸਭ ਤੋਂ ਵੱਡਾ ਹੈ । ਜੋ ਸਾਲਾਨਾ 40 ਕਰੋੜ ਫੁੱਟ ਪਾਣੀ ਨੂੰ ਭਿੰਨ ਭਿੰਨ ਖੇਤਰਾਂ ਦੀ ਲੋੜ ਅਨੁਸਾਰ ਵੰਡਣ ਦਾ ਪ੍ਰਬੰਧ ਕਰਦਾ ਹੈ। ਇਹ ਕੰਮ ਬਹੁਤ ਮੁਸ਼ਕਲ ਹੈ। ਇਸ ਲਈ ਹੀ ਪਾਣੀ ਦੀ ਵੰਡ ਤੇ ਵਰਤੋਂ ਨੂੰ ਲੈ ਕੇ ਖੇਤੀਬਾੜੀ ਸੈਕਟਰ ਤੇ ਘਰੇਲੂ ਖੇਤਰ, ਉੱਤਰੀ ਤੇ ਦੱਖਣੀ ਇਲਾਕਿਆਂ ਅਤੇ ਵਾਤਾਵਰਨ ਪ੍ਰੇਮੀਆਂ ਵਿਚਕਾਰ ਝਗੜੇ ਵੀ ਚਲਦੇ ਰਹਿੰਦੇ ਹਨ। ਕੈਲੇਫੋਰਨੀਆ ਵਿੱਚ ਦੋ ਮੁੱਖ ਦਰਿਆ - ਸੈਕਰਾਮੈਂਟੋ ਰਿਵਰ ਤੇ ਸਾਨ ਜੋਆਕੁਇਨ ਰਿਵਰ ਹਨ ਜੋ ਸੈਂਟਰਲ ਵੈਲੀ ਰਾਹੀਂ ਹੁੰਦੇ ਹੋਏ ਸਾਂਫ੍ਰਾਸਿਸਕੋ ਖਾੜੀ ਵਿੱਚ ਪੈ ਕੇ ਪ੍ਰਸ਼ਾਂਤ ਮਹਾਂਸਾਗਰ ਵਿੱਚ ਮਿਲ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਪਿੱਟ ਰਿਵਰ, ਟੌਲਮ ਰਿਵਰ ਤੇ ਫੀਦਰ ਰਿਵਰ ਛੋਟੀਆਂ ਛੋਟੀਆਂ ਨਦੀਆਂ ਹਨ। ਐੱਲ ਰਿਵਰ ਸਭ ਤੋਂ ਲੰਬਾ ਦਰਿਆ ਹੈ ਅਤੇ ਮੋਜਾਵੇ ਰਿਵਰ, ਮੋਜਾਵੇ ਮਾਰੂਥਲ ਲਈ ਪਾਣੀ ਦਾ ਇੱਕੋ ਇੱਕ ਸਾਧਨ ਹੈ। ਸਾਂਤਾਨਾ ਰਿਵਰ, ਕਲਾਮਥ ਰਿਵਰ, ਟ੍ਰਿਨਿਟੀ ਰਿਵਰ ਤੇ ਕੋਲਾਰਾਡੋ ਰਿਵਰ ਖੇਤੀਬਾੜੀ ਲਈ ਪਾਣੀ ਦਿੰਦੇ ਹਨ। ਇੱਥੋਂ ਦੀਆਂ ਮੋਨੋ ਲੇਕ, ਕਲੀਅਰ ਲੇਕ ਤੇ ਟਹੋਏ ਲੇਕ ਮੁੱਖ ਝੀਲਾਂ ਹਨ ਜੋ ਪਾਣੀ ਨੂੰ ਸਾਂਭਣ ਦੇ ਨਾਲ ਨਾਲ ਸੈਰਸਪਾਟਾ ਸਥਾਨ ਹੀ ਹਨ।

ਸਨਹੋਜ਼ੇ ਸ਼ਹਿਰ ਦੇ ਆਸਪਾਸ ਘੁੰਮਦਿਆਂ ਪਹਿਲੀ ਨਜ਼ਰੇ ਇਹ ਲੱਗਾ ਕਿ ਇੱਥੇ ਨੀਵੇਂ ਨੀਵੇਂ ਪਹਾੜਾਂ 'ਤੇ ਕੇਵਲ ਘਾਹ ਹੀ ਉੱਗਦਾ ਹੈ। ਇਨ੍ਹਾਂ 'ਤੇ ਕੋਈ ਵੱਡੇ ਵੱਡੇ ਦਰਖਤ ਦਿਖਾਈ ਨਹੀਂ ਦਿੰਦੇ। ਅਸਲ ਵਿੱਚ ਕੈਲੇਫੋਰਨੀਆ ਬੜਾ ਵਚਿਤ੍ਰ ਪ੍ਰਾਂਤ ਹੈ। ਇੱਥੇ ਸੰਘਣੇ ਜੰਗਲ ਵੀ ਹਨ ਤੇ ਮਾਰੂਥਲ ਵੀ, ਅਤਿ ਉਪਜਾਊ ਜ਼ਮੀਨ ਤੇ ਬੰਜਰ ਵੀ। ਇਸਦਾ 45 ਪ੍ਰਤਿਸ਼ਤ ਹਿੱਸਾ ਜੰਗਲਾਂ ਨਾਲ ਢਕਿਆ ਹੋਇਆ ਹੈ। ਇਸਦੇ ਵਾਈਟ ਮਾਊਂਟੇਨ ਵਿੱਚ ਦੁਨੀਆਂ ਦੇ ਸਭ ਤੋਂ ਪੁਰਾਣੇ ਦਰਖ਼ਤ ਮੌਜੂਦ ਹਨ। ਬ੍ਰਿਸਟਨਕੋਨ ਪਾਈਨ ਨਾਂ ਦਾ ਦਰਖਤ 5000 ਸਾਲ ਪੁਰਾਣਾ ਹੈ। ਇੱਥੋਂ ਦੇ ਸੇਕੁਆ ਨੈਸ਼ਨਲ ਪਾਰਕ ਵਿੱਚ 102 ਫੁੱਟ ਤੋਂ ਵੀ ਵੱਧ ਘੇਰੇ ਵਾਲੇ ਤਣੇ ਦਾ ਦਰਖਤ "ਜਨਰਲ ਸ਼ੇਰਮਨ' ਦੁਨੀਆਂ ਦਾ ਸਭ ਤੋਂ ਵਿਸ਼ਾਲ ਜ਼ਿੰਦਾ ਦਰਖਤ ਹੈ। ਕੈਲੇਫੋਰਨੀਆ ਰੈੱਡਵੁੱਡ ਇਸਦਾ ਰਾਜ ਦਰਖਤ ਹੈ। ਕੈਲੇਫੋਰਨੀਆ ਦਾ ਲੱਗਭੱਗ ਸਾਰਾ ਦੱਖਣ-ਪੂਰਬੀ ਖੇਤਰ ਬੰਜਰ ਤੇ ਗਰਮ ਮਾਰੂਥਲ ਹੈ। ਹੈਰਾਨੀ ਹੈ ਕਿ ਇੱਥੇ ਮੋਜਾਵੇ ਮਾਰੂਥਲ ਵਿੱਚ ਡੈੱਥ ਵੈਲੀ (ਬੈਡਵਾਟਰ ਬੇਸਿਨ) ਦਾ ਧਰਾਤਲ ਸਮੁੰਦਰ ਤੋਂ ਨੀਵਾਂ ਹੈ ਜਿੱਥੇ ਤਾਪਮਾਨ 56.7 ਡਿਗਰੀ ਸੈਲਸੀਅਸ ਰਿਕਾਰਡ ਹੋਇਆ ਹੈ ਅਤੇ ਕੇਵਲ 140 ਕਿਲੋਮੀਟਰ ਦੂਰ ਮਾਊਂਟ ਵਿਟਨੇ ਪਹਾੜ ਸਭ ਤੋਂ ਉੱਚਾ ਹੈ। ਕੈਲੇਫੋਰਨੀਆ ਦਾ ਸਮੁੰਦਰੀ ਤੱਟ, ਅਲਾਸਕਾ ਤੇ ਫਲੋਰਿਡਾ ਨੂੰ ਛੱਡ ਕੇ ਸਾਰੇ ਪ੍ਰਾਂਤਾਂ ਨਾਲੋਂ ਲੰਬਾ ਹੈ।

ਕੈਲੇਫੋਰਨੀਆ ਨੂੰ ਦੂਜਿਆਂ ਨਾਲੋਂ ਵੀ ਵੱਧ ਕੁਦਰਤੀ ਕ੍ਰੋਪੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੇ ਸਮੁੰਦਰੀ ਸੁਨਾਮੀਆਂ, ਹੜ, ਸੋਕੇ, ਜੰਗਲੀ ਅੱਗਾਂ, ਲੈਂਡ ਸਲਾਈਡਜ਼, ਜਵਾਲਾਮੁਖੀ ਤੇ ਭੂਚਾਲ ਵਾਪਰਦੇ ਹੀ ਰਹਿੰਦੇ ਹਨ। ਇੱਥੇ ਹਰ ਸਾਲ ਔਸਤਨ 37000 ਭੂਚਾਲ ਆਉਂਦੇ ਹਨ, ਜਿਨ੍ਹਾਂ ਵਿੱਚੋਂ 15-20 ਤਾਂ 4 ਡਿਗਰੀ ਤੋਂ ਵੱਡੇ ਹੁੰਦੇ ਹਨ। ਸੰਨ 1906 ਵਿੱਚ ਸਾਂਫ੍ਰਾਸਿਸਕੋ ਵਿੱਚ ਆਇਆ ਭੂਚਾਲ ਅਤੇ 1928 ਦਾ ਸੇਂਟ ਫ੍ਰਾਂਸਿਸ ਡੈਮ ਹੜ੍ਹ, ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਭਿਆਨਕ ਸਨ।

ਸਨਹੋਜ਼ੇ ਵਿੱਚ ਘੁੰਮਦਿਆਂ ਹਰ ਪਾਸੇ ਸਿਸਕੋ, ਯਾਹੂ, ਐਪਲ, ਗੂਗਲ ਜਿਹੀਆਂ ਵਿਸ਼ਵ ਪ੍ਰਸਿੱਧ ਆਈ.ਟੀ. ਅਦਾਰਿਆਂ ਦੀਆਂ ਖ਼ੂਬਸੂਰਤ ਇਮਾਰਤਾਂ ਨਜ਼ਰ ਆਉਂਦੀਆਂ ਹਨ ਜਿੱਥੇ ਸੰਸਾਰ ਭਰ ਤੋਂ ਇੰਜਨੀਅਰ ਆ ਕੇ ਨੌਕਰੀਆਂ ਕਰਦੇ ਹਨ। ਇਸ ਲਈ ਹੀ ਇਸਨੂੰ ਸਿਲੀਕਾਨ ਵੈਲੀ ਆਖਿਆ ਜਾਂਦਾ ਹੈ। ਇੱਥੋਂ ਦੇ ਖੁਸ਼ਗਵਾਰ ਮੌਸਮ ਕਾਰਨ ਹਰ ਕੋਈ ਇੱਥੇ ਵਸਣ ਨੂੰ ਪਹਿਲ ਦਿੰਦਾ ਹੈ ਜਿਸ ਕਾਰਨ ਜਾਇਦਾਦਾਂ ਕਾਫੀ ਮਹਿੰਗੀਆਂ ਹਨ। ਇੱਥੇ ਹਰ ਦੇਸ਼, ਧਰਮ ਤੇ ਖੇਤਰ ਦੇ ਲੋਕ ਆਪਸੀ ਸਹਿਯੋਗ ਤੇ ਪਿਆਰ ਨਾਲ ਵਿਚਰਦੇ ਹਨ। ਸਨਹੋਜ਼ੇ ਦਾ ਆਲੀਸ਼ਾਨ ਗੁਰਦੁਆਰਾ ਇਸ ਪ੍ਰਾਂਤ ਦੀ ਧਰਮ ਨਿਰਪੇਖਤਾ ਦਾ ਨਮੂਨਾ ਹੈ। ਕੈਲੇਫੋਰਨੀਆ ਵਿੱਚ 100 ਤੋਂ ਵੱਧ ਦੇਸ਼ਾਂ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਵਿੱਚੋਂ ਛੇ ਲੱਖ ਦੇ ਕਰੀਬ ਭਾਰਤੀ ਹਨ। ਇੱਥੇ ਅੰਗਰੇਜ਼ੀ ਤੇ ਸਪੇਨਿਸ਼ ਤੋਂ ਇਲਾਵਾ 15 ਹੋਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਅਤੇ 0.31% ਲੋਕ ਪੰਜਾਬੀ ਬੋਲਦੇ ਹਨ।

ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲਾ ਹੈ ਇੱਥੋਂ ਦਾ ਰਾਜ ਪ੍ਰਬੰਧ ਜੋ ਕਿ ਧੁਰ ਜੜ੍ਹਾਂ ਤੱਕ ਲੋਕਤੰਤ੍ਰਿਕ ਹੈ। ਰਾਜ ਪ੍ਰਬੰਧ ਦੇ ਤਿੰਨ ਅੰਗ ਹਨ - ਐਗਜ਼ੈਕਟਿਵ, ਲੈਜਿਸਲੇਚਿਰ ਅਤੇ ਜੁਡੀਸ਼ੀਅਰੀ। ਰਾਜ ਦਾ ਮੁਖੀ ਗਵਰਨਰ ਹੈ ਜਿਸਦੇ ਨਾਲ ਵੱਖ ਵੱਖ ਵਿਭਾਗੀ ਕਾਰਜਾਂ ਲਈ ਜ਼ਿੰਮੇਵਾਰ ਸੱਤ ਹੋਰ ਚੁਣੇ ਹੋਏ ਆਜ਼ਾਦ ਮੈਂਬਰ ਹਨ। ਇਨ੍ਹਾਂ ਦੀ ਮਿਆਦ ਚਾਰ ਸਾਲ ਹੈ ਜੋ ਕਿ ਕੇਵਲ ਇੱਕ ਵਾਰੀ ਹੀ ਦੁਬਾਰਾ ਚੁਣੇ ਜਾ ਸਕਦੇ ਹਨ। ਲੈਜਿਸਲੇਟਿਵ ਵਿੱਚ ਚੁਣੇ ਹੋਏ 40 ਸੈਨੇਟਰ ਅਤੇ 80 ਅਸੈਂਬਲੀ ਮੈਂਬਰ ਹਨ। ਅਸੈਂਬਲੀ ਮੈਂਬਰ ਦੀ ਟਰਮ ਦੋ ਸਾਲ ਹੈ ਅਤੇ ਕੇਵਲ ਤਿੰਨ ਵਾਰੀ ਹੀ ਚੁਣੇ ਜਾ ਸਕਦੇ ਹਨ। ਜੁਡੀਸ਼ੀਅਰੀ ਵਿੱਚ ਟ੍ਰਾਇਲ ਕੋਰਟਸ, ਕੋਰਟਸ ਆਫ਼ ਅਪੀਲ ਤੇ ਸੱਤ ਜੱਜਾਂ ਦੀ ਸੁਪਰੀਮ ਕੋਰਟ ਹੈ। ਜੱਜਾਂ ਦੀ ਨਿਯੁਕਤੀ ਤਾਂ ਗਵਰਨਰ ਵੱਲੋਂ ਕੀਤੀ ਜਾਂਦੀ ਹੈ ਪਰੰਤੂ ਇਨ੍ਹਾਂ ਨੂੰ ਜਾਰੀ ਰੱਖਣ ਦੀ ਪ੍ਰਵਾਨਗੀ ਹਰ ਬਾਰਾਂ ਸਾਲ ਬਾਅਦ ਲੋਕਾਂ ਤੋਂ ਲਈ ਜਾਂਦੀ ਹੈ। ਰਾਜ ਦਾ ਸਾਰਾ

ਕੋਰਟ ਪ੍ਰਬੰਧ 21 ਮੈਂਬਰੀ ਜੁਡੀਸ਼ੀਅਲ ਕੌਂਸਲ ਅਧੀਨ ਹੈ। ਜਿਸ ਵਿੱਚ ਜੱਜਾਂ ਤੋਂ ਇਲਾਵਾ ਬਾਰ ਕੌਂਸਲਾਂ, ਸੈਨੇਟ ਤੇ ਅਸੈਂਬਲੀਆਂ ਦੇ ਮੈਂਬਰ ਸ਼ਾਮਲ ਹਨ। ਭਾਵ ਇਹ ਹੈ ਕਿ ਰਾਜ ਪ੍ਰਬੰਧ ਦੇ ਸਾਰੇ ਅਧਿਕਾਰੀ ਲੋਕਾਂ ਅੱਗੇ ਜਵਾਬਦੇਹ ਹਨ। ਹਰ ਰਾਜ ਦਾ ਆਪਣਾ ਸੰਵਿਧਾਨ ਹੈ ਜਿਸ ਵਿੱਚ ਕੋਈ ਵੀ ਸੋਧ ਲੋਕਾਂ ਦੀ ਰਾਇ ਨਾਲ ਹੀ ਕੀਤੀ ਜਾ ਸਕਦੀ ਹੈ। ਵੋਟਰਾਂ ਪਾਸ ਚੁਣੇ ਨੁਮਾਇੰਦਿਆਂ ਨੂੰ ਵਾਪਿਸ ਬੁਲਾਉਣ ਦਾ ਅਧਿਕਾਰ ਹੈ। ਇਕ ਵਾਰ ਕੈਲੇਫੋਰਨੀਆ ਦੇ ਲੋਕਾਂ ਨੇ ਆਪਣੇ ਗਵਰਨਰ ਨੂੰ ਰੀਕਾਲ ਕਰ ਲਿਆ ਸੀ। ਹਰ ਕਾਊਂਟੀ ਤੇ ਸ਼ਹਿਰ ਦੀ ਆਪਣੀ ਚੁਣੀ ਹੋਈ ਸਥਾਨਕ ਸਰਕਾਰ ਹੈ ਜਿਸ ਪਾਸ ਕਾਨੂੰਨ ਲਾਗੂ ਕਰਨ (ਪੁਲਿਸ), ਜੇਲ੍ਹਾਂ, ਚੋਣਾਂ, ਜਾਇਦਾਦ ਖਰੀਦਣ-ਵੇਚਣ, ਟੈਕਸ ਅਸੈਸਮੇਂਟ ਤੇ ਕੁਲੈਕਸ਼ਨ, ਪਬਲਿਕ ਹੈਲਥ, ਸੋਸ਼ਲ ਸਰਵਿਸ, ਸਿੱਖਿਆ, ਖੇਤੀਬਾੜੀ ਤੇ ਟ੍ਰਾਂਸਪੋਰਟ ਵਿਭਾਗਾਂ ਨੂੰ ਚਲਾਉਣ ਦੇ ਪੂਰੇ ਅਧਿਕਾਰ ਹਨ।

ਇੱਥੋਂ ਦੀ ਸਿੱਖਿਆ ਪ੍ਰਣਾਲੀ ਵੀ ਵਿਦਿਆਰਥੀ ਪੱਖੀ ਹੈ ਜਿਸਦੀ ਵੱਧ ਤੋਂ ਵੱਧ ਕੋਸ਼ਿਸ਼ ਹੁੰਦੀ ਹੈ ਕਿ ਕੋਈ ਵੀ ਵਿਦਿਆਰਥੀ ਵੱਧ ਉਮਰ, ਦਿਮਗੀ ਕਮਜ਼ੋਰੀ, ਘਰੇਲੂ ਤੇ ਕੰਮਕਾਜ਼ੀ ਮਜ਼ਬੂਰੀ ਕਾਰਨ ਪੜ੍ਹਾਈ ਨਾ ਛੱਡੇ। ਹਰ ਵਿਦਿਆਰਥੀ ਪੜ੍ਹਾਈ ਕਰਦਿਆਂ, ਪਾਰਟਟਾਈਮ ਨੌਕਰੀ ਕਰ ਸਕਦਾ ਹੈ। ਹਰ ਇੱਕ ਲਈ 12ਵੀਂ ਸ਼੍ਰੇਣੀ ਤੱਕ ਪੜ੍ਹਾਈ ਲਾਜ਼ਮੀ ਤੇ ਮੁਫ਼ਤ ਹੈ। ਸਰਕਾਰੀ ਸਕੂਲਾਂ ਦੀ ਪੜ੍ਹਾਈ ਦਾ ਪੱਧਰ ਇਨ੍ਹਾ ਉੱਚਾ ਹੈ ਕਿ ਕੋਈ ਮਾਂਬਾਪ ਆਪਣੇ ਬੱਚੇ ਨੂੰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਭੇਜਣ ਨੂੰ ਪਹਿਲ ਨਹੀਂ ਦਿੰਦਾ। ਕਮਿਊਨਿਟੀ ਕਾਲਜਾਂ ਵਿੱਚ ਆਮ ਵਿਦਿਆਰਥੀ ਪੜ੍ਹਦੇ ਹਨ ਜਦੋਂ ਕਿ ਯੂਨਵਰਸਿਟੀਆਂ ਕੇਵਲ ਹੁਸ਼ਿਆਰ ਵਿਦਿਆਰਥੀਆਂ ਨੂੰ ਹੀ ਦਾਖ਼ਲਾ ਦਿੰਦੀਆਂ ਹਨ। ਇੱਥੇ ਬਹੁਤੀਆਂ ਯੂਨੀਵਰਸਟੀਆਂ ਪ੍ਰਾਈਵੇਟ ਹਨ।

ਮੁੱਕਦੀ ਗੱਲ ਇਹ ਕਿ ਕੈਲੇਫੋਰਨੀਆ ਦੇ ਲੋਕਪੱਖੀ ਤੇ ਤਾਕਤਵਰ ਰਾਜਪ੍ਰਬੰਧ ਨੇ ਕੁਦਰਤੀ ਘਾਟਾਂ ਨੂੰ ਵੀ ਇਸ ਕਦਰ ਢਾਲਿਆ ਹੈ ਕਿ ਇਹ ਨਾਗਰਿਕਾਂ ਲਈ ਦੁਖਦਾਈ ਨਹੀਂ ਬਲਕਿ ਮਾਨਣਯੋਗ ਬਣ ਗਈਆਂ ਹਨ। ਸੱਚੇ ਅਰਥਾਂ ਵਿੱਚ ਕੈਲੇਫੋਰਨੀਆ ਇੱਕ ਸੁਨਹਿਰੀ ਰਾਜ ਹੈ ਜੋ ਕਿ ਆਪਣੇ ਦੇਸ਼ ਅਮਰੀਕਾ ਦੀ ਤਰੱਕੀ ਵਿੱਚ ਸਿਰਕੱਢ ਯੋਗਦਾਨ ਪਾ ਰਿਹਾ ਹੈ।

### THE PARADOX OF OUR AGE

We have bigger houses, but smaller families
More conveniences but less time
We have more degrees but less sense
More knowledge but less Judgement

*- Dalai Lama*



## ਗਜ਼ਲ

ਜਸਵੰਤ ਸਿੰਘ ਜਗੈਤ ਕੈਨੇਡਾ

ਸਭ ਧਰਮਾਂ ਦੀ ਇਕ ਸੱਥ ਨਾ ਲੱਭੇ ਕੋਈ।
ਅੱਡ ਅੱਡ ਉਹਨਾਂ ਦਾ ਰੱਬ ਨਾ ਲੱਭੇ ਕੋਈ।
ਵਾਹਿਗੁਰੂ, ਅੱਲਾ ਤੇ ਰਾਮ ਦਾ ਭਾਵ ਇੱਕੋ,
ਇਹ ਮੰਨਣ ਵਾਲਾ ਹੱਥ ਨਾ ਲੱਭੇ ਕੋਈ।
ਅੱਡ ਅੱਡ ਸੁਰ ਦੇ ਨਾਲ ਬਣੇ ਰਾਗ ਇੱਕੋ,
ਰਾਗ ਸਮਝਣ ਸਮਰੱਥ ਨਾ ਲੱਭੇ ਕੋਈ।
ਭਾਵੇਂ ਰੰਗ ਇੱਕੋ ਹੈ ਮਾਨਵ ਦੇ ਲਹੂ ਦਾ,
ਪਰ ਪਰਖਣ ਵਾਲੀ ਅੱਖ ਨਾ ਲੱਭੇ ਕੋਈ।
ਵੱਖ ਵੱਖ ਤਾਰੇ ਮਿਲਦੇ ਬਣਦਾ ਹੈ ਅੰਬਰ,
ਚਾਨਣ ਹੁੰਦਾ ਵੱਖ ਵੱਖ ਨਾ ਲੱਭੇ ਕੋਈ।
ਇਕ ਦੇਸ਼ ਹੈ ਸਾਰੇ ਪਸ਼ੂਆਂ, ਪੰਛੀਆਂ ਦਾ,
ਇਸ ਤੋਂ ਵੀ ਮੁਨਕਰ ਮੁੱਖ ਨਾ ਲੱਭੇ ਕੋਈ।
ਰੱਬ ਤੇ ਜਾਤ 'ਜਗੈਤ. ਜਦ ਇਕੋ ਮਾਨਵ ਦੀ,
ਕਿਉਂ ਵਿੱਚ ਇਕ ਦੇਸ਼ ਦੇ ਪੱਖ ਨਾ ਲੱਭੇ ਕੋਈ।

## ਹੋਣਹਾਰ ਵਿਦਿਆਰਥੀ

### ਰਮਿੰਦਰ ਕੌਰ

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਬਾਇਓਟੈਕਨਾਲੋਜੀ ਵਿਭਾਗ ਵਿੱਚ ਐਮ.ਐਸ.ਸੀ ਬਾਇਓਟੈਕਨਾਲੋਜੀ ਦੀ ਇਸ ਵਿਦਿਆਰਥਣ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਪਿੰਡ ਰੰਗੀਲਪੁਰ ਤੋਂ ਬਰਾਦਰੀ ਦੀ ਧੀ ਨੂੰ ਇਸ ਪ੍ਰਾਪਤੀ ਲਈ ਬਹੁਤ ਬਹੁਤ ਵਧਾਈਆ। ਜਿਸ ਨੇ 2011 ਤੋਂ ਇਸ ਵਿਸ਼ੇ ਦਾ ਲਗਾਤਾਰ ਇਹ ਚੌਥਾ ਗੋਲਡ ਮੈਡਲ ਪ੍ਰਾਪਤ ਕੀਤਾ ਹੈ।

### ਗਗਨਦੀਪ ਸਿੰਘ

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀ ਭੰਗੜਾ ਟੀਮ ਦੇ ਵਿਦਿਆਰਥੀ ਗਗਨਦੀਪ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਭਲਿਆਣ ਨੂੰ ਅੰਤਰ ਕਾਲਜ ਮੁਕਾਬਲੇ ਵਿੱਚ ਯੂਨਿਵਰਿਸਟੀ ਦਾ ਸਰਵੋਤਮ ਭੰਗੜਾ ਕਲਾਕਾਰ ਐਲਾਨਿਆ ਗਿਆ ਹੈ।

ਤੰਦਰੁਸਤੀ ਲਈ ਯੋਗ ਸਿੱਖਿਆ

# ਨੇਤਰ ਸੁਰੱਖਿਆ

ਰਾਜਿੰਦਰ ਸੈਣੀ



ਸੂਰਜ ਦੇ ਪ੍ਰਕਾਸ਼ ਨਾਲ ਜਿਵੇ ਸਾਰਾ ਸੰਸਾਰ ਦਿਖਾਈ ਦਿੰਦਾ ਹੈ, ਉਸੇ ਤਰਾਂ ਸਾਡੀਆਂ ਅੱਖਾਂ ਨਾਲ ਇਹ ਸੰਸਾਰ ਦਿਖਾਈ ਦਿੰਦਾ ਹੈ। ਸਾਡੀਆਂ ਅੱਖਾਂ ਸਾਡੇ ਸਰੀਰ ਵਿੱਚ ਸੂਰਜ ਦਾ ਹੀ ਅੰਸ਼ ਹਨ। ਅੱਖਾਂ ਵਿੱਚ ਰੂਪ ਹੈ, ਵਸਤੂ ਹੈ, ਭਾਵ ਹੈ, ਆਕਰਸ਼ਣ ਹੈ, ਸੁੰਦਰਤਾ ਹੈ। ਇਸ ਲਈ ਅੱਖਾਂ ਦਾ ਤੰਦਰੁਸਤ ਤੇ ਸਾਫ ਹੋਣਾ ਅਤਿ ਜ਼ਰੂਰੀ ਹੈ। ਅੱਖਾਂ ਜੇਕਰ ਠੀਕ ਦੇਖਦੀਆਂ ਹਨ ਤਾਂ ਇਹ ਦੱਸਦੀਆਂ ਹਨ ਕਿ ਪੈਰ ਕਿੱਥੇ ਰੱਖਣਾ ਹੈ? ਅੱਗੇ ਕਿੰਨਾ ਵਧਣਾ ਹੈ?

**ਅੱਖਾਂ ਨੂੰ ਤੰਦਰੁਸਤ ਰੱਖਣ ਲਈ ਉਪਯੋਗੀ ਸ਼ਰਤਾਂ ਇਸ ਪ੍ਰਕਾਰ ਹਨ:-**

1. ਮਨ ਨੂੰ ਸ਼ਾਂਤ ਰੱਖਣ ਨਾਲ ਦ੍ਰਿਸ਼ਟੀ ਸਾਫ ਅਤੇ ਨਿਰਮਲ ਰਹਿੰਦੀ ਹੈ।
2. ਬਹੁਤ ਤੇਜ਼ ਰੋਸ਼ਨੀ, ਬਹੁਤ ਤੇਜ਼ ਧੁਪ ਤੇ ਧੂੜ ਤੋਂ ਬਚੋ।
3. ਪੜ੍ਹਦੇ ਸਮੇਂ ਪੁਸਤਕ ਘਟੋ ਘੱਟ ਇੱਕ-ਡੇਢ ਫੁੱਟ ਦੀ ਦੂਰੀ ਤੇ ਹੋਵੇ।
4. ਬਹੁਤ ਜਿਆਦਾ ਦੇਰ ਤੱਕ ਇੱਕ ਹੀ ਥਾਂ ਟੀ.ਵੀ./ ਸਿਨੇਮਾ ਵੇਖਦੇ ਰਹਿਣਾ ਜਾਂ ਬਹੁਤ ਦੇਰ ਤੱਕ ਕਿਤਾਬ ਪੜ੍ਹਦੇ ਸਮੇਂ ਵਿੱਚ ਵਿੱਚ ਅੱਖਾਂ ਨੂੰ ਝਪਕਾਉਣਾ ਅਤੇ ਪਾਮਿੰਗ ਕਿਰਿਆ ਕਰਦੇ ਰਹਿਣਾ ਚਾਹੀਦਾ ਹੈ।
5. ਹਰਿਆਲੀ ਨੂੰ ਦੇਖਦੇ ਰਹਿਣ ਨਾਲ ਅੱਖਾਂ ਦੀ ਥਕਾਨ ਦੂਰ ਹੁੰਦੀ ਹੈ ਅਤੇ ਨਜ਼ਰ ਵੀ ਚੰਗੀ ਬਣਦੀ ਹੈ।
6. ਹਰੀ ਘਾਹ 'ਤੇ ਜਿੱਥੇ ਤ੍ਰੇਲ ਪਈ ਹੋਵੇ, ਨੰਗੇ ਪੈਰ ਚੱਲਣਾ ਜਾਂ ਅੰਗੂਠੇ ਨੂੰ ਠੰਢੇ ਪਾਣੀ ਨਾਲ ਧੋਣਾ ਲਾਭਕਾਰੀ ਹੁੰਦਾ ਹੈ।
7. ਤ੍ਰਾਟਕ ਦੇ ਅਭਿਆਸ ਨਾਲ ਅੱਖਾਂ ਤੰਦਰੁਸਤ ਰਹਿੰਦੀਆਂ ਹਨ।
8. ਖੜ੍ਹੇ ਹੋ ਕੇ, ਪੈਰ ਥੋੜ੍ਹੇ ਜਿਹੇ ਖੋਲ੍ਹ ਕੇ ਸੱਜੇ-ਖੱਬੇ ਝੁਕਣਾ ਚਾਹੀਦਾ ਹੈ। ਪੈਰ ਉੱਥੇ ਹੀ ਰਹਿਣੇ ਚਾਹੀਦੇ ਹਨ। ਸੂਰਜ ਚੜ੍ਹਨ ਤੋਂ ਪਹਿਲਾ ਉਠਣਾ ਵੀ ਅੱਖਾਂ ਲਈ ਲਾਹੇਵੰਦ ਹੁੰਦਾ ਹੈ।
9. ਲੇਟ ਕੇ ਜਾਂ ਚੱਲਦੀ ਬੱਸ ਵਿੱਚ ਅਤੇ ਘੱਟ ਰੋਸ਼ਨੀ ਵਿੱਚ ਨਹੀ ਪੜ੍ਹਨਾ ਚਾਹੀਦਾ।
10. ਭੋਜਨ ਵਿੱਚ ਵਿਟਾਮਿਨ 'ਏ. ਦਾ ਸੇਵਨ ਕਰਨ ਨਾਲ ਅੱਖਾਂ ਦੀ ਰੋਸ਼ਨੀ ਠੀਕ ਰਹਿੰਦੀ ਹੈ। ਗਾਜਰ, ਪੁੰਗਰਿਆ ਹੋਇਆ ਅਨਾਜ, ਹਰੀ ਸਬਜ਼ੀਆਂ, ਮਿੱਠੇ ਫਲ, ਦੁੱਧ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।

**ਅੱਖਾਂ ਨੂੰ ਤੰਦਰੁਸਤ ਰੱਖਣ ਲਈ ਕਿਰਿਆਵਾਂ :**

ਅਜਿਹੀਆਂ ਕਿਰਿਆਵਾਂ ਜਿਨਾਂ ਨਾਲ ਪੁਤਲੀਆਂ ਅਤੇ ਉਸ ਨਾਲ ਜੁੜੀਆਂ ਹੋਈਆਂ ਮਾਸਪੇਸ਼ੀਆਂ ਆਦਿ ਪ੍ਰਭਾਵਿਤ ਹੁੰਦੀਆਂ ਹਨ ਅਤੇ ਇਨ੍ਹਾਂ ਸਾਰੇ ਅੰਗਾਂ ਦੇ ਸਾਫ ਹੋਣ ਨਾਲ ਅੱਖਾਂ ਦੀ ਨਜ਼ਰ ਵਧਦੀ ਹੈ।

ੳ) ਪੁਤਲੀਆਂ ਦੀ ਲੰਬਵਤ ਗਤੀ (Vertical movement)

ਪਦਮਾਸਣ ਵਿੱਚ ਬੈਠੋ। ਕਮਰ ਅਤੇ ਗਰਦਨ ਸਿੱਧੀ ਰੱਖ ਹੱਥ ਗਿਆਨ ਮੁਦਰਾ ਵਿੱਚ ਗੋਡਿਆਂ 'ਤੇ ਰੱਖੋ। ਅੱਖਾਂ ਖੋਲ੍ਹੋ। ਮੱਥੇ ਦੇ ਵਿਚਕਾਰ (ਜਿੱਥੇ ਤਿਲਕ ਜਾਂ ਬਿੰਦੀ ਲਗਾਉਂਦੇ ਹਾਂ) ਅਤੇ ਨੱਕ ਦੀ ਨੋਕ ਤੇ ਦੋਹਾਂ ਥਾਵਾਂ ਤੇ ਪੁਤਲੀਆਂ ਨੂੰ ਇੱਕੋ ਵਾਰ ਬਿਨਾਂ ਗਰਦਨ ਮੋੜੇ, ਉਪਰ ਥੱਲੇ ਗਤੀ ਦਿਓ। ਫਿਰ ਅੱਖਾਂ ਨੂੰ ਬੰਦ ਕਰਕੇ ਉਨ੍ਹਾਂ ਨੂੰ ਆਰਾਮ ਦਿਓ।

ਅ) ਪੁਤਲੀਆਂ ਦੀ ਸਮਤਲ ਗਤੀ (Horizontal Movement)

ਅੱਖਾਂ ਖੋਲ੍ਹੋ। ਦੋਨਾਂ ਪੁਤਲੀਆਂ ਨੂੰ ਬਿਨਾਂ ਗਰਦਨ ਹਿਲਾਏ ਸੱਜੇ-ਖੱਬੇ ਘੁਮਾਓ। ਇਸ ਗਤੀ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਇਸ ਤਰਾਂ ਕਰੋ ਕਿ ਜਾਪੇ ਪੁਤਲੀਆਂ ਸੱਜੇ ਅਤੇ ਖੱਬੇ ਕੰਨ ਨੂੰ ਵੇਖ ਰਹੀਆਂ ਹਨ। ਇਸ ਨਾਲ ਸੱਜੇ ਖੱਬੇ ਬਿੰਦੀਆਂ ਦੇ ਵਿਚਕਾਰਲੀ ਦੂਰੀ ਨਿਸ਼ਚਿਤ ਹੋ ਜਾਵੇਗੀ। ਕੋਮਲਤਾ ਨਾਲ ਅੱਖਾਂ ਨੂੰ ਬੰਦ ਕਰਕੇ ਆਰਾਮ ਦਿਓ।

ੲ) ਪੁਤਲੀਆਂ ਦੀ ਗੋਲਾਕਾਰ ਗਤੀ (Circular Movement)

ਅੱਖਾਂ ਖੋਲ੍ਹੋ, ਘੜੀ ਦੀ ਸੂਈ ਵਾਂਗ ਪੁਤਲੀਆਂ ਨੂੰ ਗੋਲਾਕਾਰ (Clockwise) ਗਤੀ ਵਿੱਚ ਘੁਮਾਓ। ਗਰਦਨ ਬਿਲਕੁਲ ਨਾ ਹਿੱਲੇ। ਵੱਡੇ ਤੋਂ ਵੱਡਾ ਚੱਕਰ ਬਣੇ। ਕੋਮਲਤਾ ਨਾਲ ਅੱਖਾਂ ਨੂੰ ਬੰਦ ਕਰਕੇ ਆਰਾਮ ਦਿਓ।

ਫਿਰ ਅੱਖਾਂ ਨੂੰ ਖੋਲ੍ਹੋ। ਪੁਤਲੀਆਂ ਨੂੰ ਸੱਜੇ ਤੋਂ ਖੱਬੇ ਦਿਸ਼ਾ ਵਿੱਚ (Anti-clockwise) ਗੋਲਾਕਾਰ ਗਤੀ ਵਿੱਚ ਘੁਮਾਓ। ਵੱਡੇ ਤੋਂ ਵੱਡਾ ਚੱਕਰ ਬਣੇ। ਕੋਮਲਤਾ ਨਾਲ ਅੱਖਾਂ ਨੂੰ ਬੰਦ ਕਰਕੇ ਆਰਾਮ ਦਿਓ।

ਸ) ਨਜ਼ਰ ਨੂੰ ਦੂਰ ਤੋਂ ਨੇੜੇ ਲਿਆਉਣਾ :

ਸੱਜੇ ਹੱਥ ਨੂੰ ਸਾਹਮਣੇ ਸਿੱਧਾ ਫੈਲਾਓ। ਮੁੱਠੀ ਬੰਦ ਰੱਖੋ। ਅੰਗੂਠਾ ਖੜ੍ਹਾ ਰੱਖੋ। ਨਜ਼ਰ ਅੰਗੂਠੇ ਦੇ ਉਪਰਲੇ ਹਿੱਸੇ ਨਹੁੰ ਤੇ ਟਕਾਓ। ਹੌਲੀ ਹੌਲੀ ਅੰਗੂਠੇ ਦੇ ਨਹੁੰ ਨੂੰ ਵੇਖਦੇ ਹੋਏ ਬੰਦ ਮੁੱਠੀ ਨੂੰ ਆਪਣੇ ਮੱਥੇ ਦੇ ਵਿਚਕਾਰ ਤੱਕ ਲਿਆਓ। ਫਿਰ ਹੌਲੀ ਹੌਲੀ ਹੱਥ ਨੂੰ ਸਿੱਧਾ ਕਰਦੇ ਜਾਓ ਅਤੇ ਅੰਗੂਠੇ ਨੂੰ ਵੇਖਦੇ ਜਾਓ। ਹੱਥ ਸਿੱਧਾ ਹੋਣ ਤੇ ਕੋਮਲਤਾ ਨਾਲ ਅੱਖਾਂ ਨੂੰ ਬੰਦ ਕਰਕੇ ਆਰਾਮ ਦਿਓ।

ਵਿਸ਼ੇਸ-

'ਇਹ ਕਿਰਿਆ ਖੜ੍ਹੇ ਹੋ ਕੇ ਵੀ ਕੀਤੀ ਜਾ ਸਕਦੀ ਹੈ।

'ਜਿਨ੍ਹਾਂ ਦੀ ਦੂਰ ਅਤੇ ਨੇੜੇ ਦੀ ਨਜ਼ਰ ਕਮਜ਼ੋਰ ਹੈ, ਉਨ੍ਹਾਂ ਲਈ ਇਹ ਬਹੁਤ ਉਪਯੋਗੀ ਹੈ।

ਲਗਭਗ 20 ਫੁੱਟ ਦੇ ਫਾਸਲੇ ਤੇ ਕਿਸੇ ਸਥਿਰ ਬਿੰਦੂ, ਪੇੜ-ਪੌਦੇ, ਪੱਥਰ ਆਦਿ ਵੱਲ ਬਿਨ੍ਹਾਂ ਪਲਕ ਝਪਕੇ ਦੇਖੋ। ਕੁੱਝ ਪਲਾਂ ਬਾਅਦ ਇਕ ਨੇੜੇ ਦਾ ਬਿੰਦੂ ਸਥਾਪਤ ਕਰਕੇ ਉਸ ਵੱਲ ਵੇਖੋ। ਫਿਰ ਉਸ ਤੋਂ ਵੀ ਨੇੜੇ ਦਾ ਬਿੰਦੂ ਸਥਾਪਤ ਕਰਕੇ ਵੇਖੋ। ਅੰਤ ਵਿੱਚ ਨੱਕ ਦੀ ਸੇਧ ਵਿੱਚ ਇੱਕ ਨਿਸ਼ਚਤ ਬਿੰਦੂ ਨੂੰ ਬਿਨ੍ਹਾਂ

ਬਾਕੀ ਪੰਨਾ 18 ਤੇ.....

ਤਿਮਾਹੀ, ਜੁਲਾਈ-ਸਤੰਬਰ 2015 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਬਲਬੀਰ ਸਿੰਘ ਸੈਣੀ



## 1) ਪਦਮਸ੍ਰੀ ਨੇਕ ਚੰਦ ਸੈਣੀ ਦੀ ਯਾਦ ਨੂੰ ਸਮਰਪਿਤ ਖ਼ੂਨਦਾਨ ਕੈਂਪ

ਸੈਣੀ ਭਵਨ ਰੂਪਨਗਰ 'ਚ 5 ਜੁਲਾਈ 2015 ਨੂੰ ਵਿਸ਼ਵ ਪ੍ਰਸਿਧ ਕਲਾਕ੍ਰਿਤੀਆਂ ਦੇ ਨਿਰਮਾਤਾ, ਚੰਡੀਗੜ੍ਹ ਰਾਕ ਗਾਰਡਨ ਦੇ ਰਚੇਤਾ ਪਦਮਸ੍ਰੀ ਨੇਕ ਚੰਦ ਸੈਣੀ ਦੀ ਯਾਦ ਨੂੰ ਸਮਰਪਿਤ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵੱਲੋਂ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਅਤੇ ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 70 ਵਿਅਕਤੀਆਂ ਵੱਲੋਂ ਖ਼ੂਨਦਾਨ ਕੀਤਾ ਗਿਆ। ਸੰਸਥਾ ਦੇ ਇਸ ਚੌਥੇ ਖ਼ੂਨਦਾਨ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਰੂਪਨਗਰ ਜ਼ਿਲ੍ਹੇ ਦੇ ਐਸ.ਪੀ. (ਐਚ) ਸ਼੍ਰੀ ਵਿਪਨ ਚੌਧਰੀ ਨੇ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਰੂਪਨਗਰ ਸ਼ਹਿਰ ਦੇ ਉਘੇ ਸਮਾਜ ਸੇਵਕ ਡਾ. ਆਰ. ਐਸ. ਪਰਮਾਰ ਵੀ ਹਾਜ਼ਰ ਸਨ। ਐਸ.ਪੀ. (ਐਚ) ਸ਼੍ਰੀ ਵਿਪਨ ਚੌਧਰੀ ਨੇ ਸੰਸਥਾ ਵੱਲੋਂ ਸੈਣੀ ਭਵਨ ਵਿੱਚ ਵੱਖ ਵੱਖ ਤਰਾਂ ਦੇ ਸਮਾਜ ਸੇਵਾ ਲਈ ਕੀਤੇ ਜਾ ਰਹੇ ਉਪਰਾਲਿਆਂ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਖ਼ੂਨਦਾਨ ਕੈਂਪ ਵਿੱਚ ਸ਼੍ਰੀ ਤਰਸੇਮ ਸੈਣੀ (52) ਨੰਗਲ ਵੱਲੋਂ 69ਵੀਂ ਵਾਰ ਅਤੇ ਸ. ਦਲਜੀਤ ਸਿੰਘ ਰੂਪਨਗਰ ਵੱਲੋਂ 25ਵੀਂ ਵਾਰ ਖ਼ੂਨਦਾਨ ਕਰਨ ਲਈ ਇਨ੍ਹਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਇਸ ਕੈਂਪ ਵਿੱਚ ਤੇਜ਼ ਗਰਮੀ ਦੇ ਬਾਵਜੂਦ ਖ਼ੂਨਦਾਨ ਕਰਨ ਵਾਲਿਆਂ ਨੇ ਭਾਰੀ ਉਤਸਾਹ ਵਿਖਾਇਆ। ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੇ ਡਾਇਰੈਕਟਰ ਡਾ. ਮੁਨੀਸ਼ ਦੀ ਅਗਵਾਈ ਵਿੱਚ ਆਈ ਟੀਮ ਨੇ ਕੇਵਲ 70 ਯੂਨਿਟ ਖ਼ੂਨ ਹੀ ਇਕੱਤਰਤ ਕੀਤਾ ਜਿਸ ਕਾਰਨ ਬਹੁਤ ਸਾਰੇ ਖ਼ੂਨਦਾਨੀਆਂ ਨੂੰ ਵਾਪਿਸ ਜਾਣਾ ਪਿਆ। ਇਸ ਕੈਂਪ ਵਿੱਚ ਚਰਨਦੀਪ ਚੈਰੀ ਨੇ 7ਵੀਂ ਵਾਰ, ਚੱਤਰ ਸਿੰਘ ਸੈਣੀ ਨੇ 29ਵੀਂ ਵਾਰ, ਰਾਵਿੰਦਰ ਸਿੰਘ ਨਾਨਕਪੁਰਾ ਨੇ 14ਵੀਂ ਵਾਰ ਖ਼ੂਨਦਾਨ ਕੀਤਾ। ਕੈਂਪ ਵਿੱਚ ਸਿਲਾਈ ਟੀਚਰ ਕਿਰਨ ਜੋਸ਼ੀ, ਲੜਕੀਆਂ ਜੋਅਤੀ ਤੇ ਆਵਾ ਨੇ ਵੀ ਖ਼ੂਨਦਾਨ ਕੀਤਾ। ਖ਼ੂਨਦਾਨੀਆਂ ਨੂੰ ਬਲੱਡ ਬੈਂਕ ਸੁਸਾਇਟੀ ਅਤੇ ਸੈਣੀ ਭਵਨ ਵੱਲੋਂ ਸਰਟੀਫਿਕੇਟ ਅਤੇ ਗਿਫਟ ਦੇਕੇ ਸਨਮਾਨਿਤ ਕੀਤਾ ਗਿਆ। ਖ਼ੂਨਦਾਨੀਆਂ ਦਾ ਡਾ. ਹੇਮ ਕਿਰਨ, ਜ਼ਿਲ੍ਹਾ ਇਸਤਰੀ ਅਕਾਲੀ ਦਲ (ਦਿਹਾਤ) ਪ੍ਰਧਾਨ ਪ੍ਰੀਤਮ ਕੌਰ ਭਿਉਰਾ, ਨਗਰ ਕੌਂਸਲ ਦੀ ਮੀਤ ਪ੍ਰਧਾਨ ਹਰਜੀਤ ਕੌਰ, ਐਮ.ਸੀ. ਗੁਰਮੁੱਖ ਸਿੰਘ ਸੈਣੀ, ਸੀਨੀਅਰ ਸਿਟੀਜ਼ਨਜ਼ ਕੌਂਸਲ ਦੇ ਪ੍ਰਧਾਨ ਇੰਜ. ਕਰਨੈਲ ਸਿੰਘ, ਰੂਪਨਗਰ ਪ੍ਰੈਸ ਕਲੱਬ ਦੇ ਪ੍ਰਧਾਨ ਬਹਾਦਰਜੀਤ ਸਿੰਘ, ਯੂਥ ਅਵਾਰਡੀ ਸਤਨਾਮ ਸਿੰਘ ਸੱਤੀ, ਬਲਬੀਰ ਸਿੰਘ ਸੈਣੀ, ਰਾਮ ਸਿੰਘ ਸੈਣੀ, ਹਰਜੀਤ ਸਿੰਘ ਲੌਂਗੀਆਂ ਜਨਰਲ ਸਕੱਤਰ, ਗੁਰਮੁੱਖ ਸਿੰਘ ਲੌਂਗੀਆਂ, ਬਲੱਡ ਡੋਨਰ ਕੰਵਲਜੀਤ ਸਿੰਘ ਬਾਵਾ, ਸੁਰਜੀਤ ਸਿੰਘ ਸਿਲੋਮਾਸਕੋ, ਦੀਦਾਰ ਸਿੰਘ ਡਹਿਰ, ਮਨਜੀਤ ਸਿੰਘ ਤੰਬੜ ਵੱਲੋਂ ਵੀ ਸਨਮਾਨ ਕੀਤਾ ਗਿਆ। ਸੈਣੀ ਭਵਨ ਦੇ ਚੇਅਰਮੈਨ ਐਲ. ਆਰ. ਮੁੰਦਰਾ, ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਪੀ.ਆਰ.ਓ. ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਮੈਨੇਜਿੰਗ ਕਮੇਟੀ ਵੱਲੋਂ ਸੁਆਗਤ ਕੀਤਾ ਅਤੇ ਖ਼ੂਨਦਾਨ ਕੈਂਪ ਨੂੰ ਸਫ਼ਲ ਬਨਾਉਣ ਲਈ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਅਤੇ ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ ਅਤੇ ਖਾਸ ਕਰਕੇ ਕੰਵਲਜੀਤ ਸਿੰਘ ਬਾਵਾ, ਬਲੱਡ ਡੋਨਰ ਦਲਜੀਤ ਸਿੰਘ, ਚਰਨਦੀਪ ਚੈਰੀ, ਚਰਨਜੀਤ ਸਿੰਘ ਤੰਬੜ ਤੇ ਉਨ੍ਹਾਂ ਦੇ ਸਾਥੀਆਂ ਅਤੇ ਸਮੁਚੀ ਸੈਣੀ ਭਵਨ ਦੀ ਟੀਮ ਅਤੇ ਸਭ ਤੋਂ ਵੱਧ ਖ਼ੂਨਦਾਨੀਆਂ ਵੱਲੋਂ ਮਿਲੇ ਸਹਿਯੋਗ ਦਾ ਧੰਨਵਾਦ ਕੀਤਾ।

## 2) ਮੈਗਜ਼ੀਨ "ਸੈਣੀ ਸੰਸਾਰ" ਦਾ 18ਵਾਂ ਅੰਕ ਲੋਕ ਅਰਪਣ :

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵੱਲੋਂ ਪ੍ਰਕਾਸਿਤ ਕੀਤੇ ਜਾਂਦੇ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 18ਵਾਂ ਅੰਕ 5 ਜੁਲਾਈ 2015 ਨੂੰ ਲੋਕ ਅਰਪਣ ਕਰਨ ਦੀ ਰਸ਼ਮ ਜ਼ਿਲ੍ਹਾ ਅਕਾਲੀ ਦਲ (ਦਿਹਾਤੀ) ਰੂਪਨਗਰ ਦੀ ਪ੍ਰਧਾਨ ਬੀਬੀ ਪ੍ਰੀਤਮ ਕੌਰ ਭਿਉਰਾ ਨੇ ਅਦਾ ਕੀਤੀ। ਸਮਾਰੋਹ ਦੀ ਪ੍ਰਧਾਨਗੀ ਸੰਸਥਾ ਦੇ ਚੇਅਰਮੈਨ ਐਲ.ਆਰ. ਮੁੰਦਰਾ ਨੇ ਕੀਤੀ। ਬੀਬੀ ਪ੍ਰੀਤਮ ਕੌਰ ਭਿਉਰਾ ਨੇ ਇਸ ਮੌਕੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਹਰ ਇਨਸਾਨ ਨੂੰ ਆਪਣਾ ਜੀਵਨ ਸਫ਼ਲ ਬਣਾਉਣ ਲਈ ਆਪਣੇ ਅੰਦਰ ਸੇਵਾ ਭਾਵਨਾ ਦੇ ਗੁਣ ਪੈਦਾ ਕਰਕੇ ਵੱਧ ਤੋਂ ਵੱਧ ਲੋੜਵੰਦਾਂ ਦੀ ਮਦਦ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਸਮਾਜ ਸੇਵਾ ਦੇ ਖੇਤਰ ਵਿੱਚ ਸੈਣੀ ਭਵਨ ਅਦਾਰੇ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਸੇਵਾ ਦੇ ਕੰਮਾਂ ਨੂੰ ਉਤਸਾਹਿਤ ਕਰਨ ਲਈ ਸੰਸਥਾ ਨੂੰ 11 ਹਜ਼ਾਰ ਰੁਪਏ ਦੀ ਮਾਲੀ ਮਦਦ ਦਿੱਤੀ।

ਇਸ ਮੌਕੇ ਸੰਸਥਾ ਦੇ ਪ੍ਰਧਾਨ ਅਤੇ ਮੈਗਜ਼ੀਨ ਦੇ ਮੁੱਖ ਸੰਪਾਦਕ ਡਾ. ਅਜਮੇਰ ਸਿੰਘ ਤੰਬੜ ਨੇ ਕਿਹਾ ਕਿ ਸੰਸਥਾ ਇਸ ਮੈਗਜ਼ੀਨ ਰਾਹੀ ਸਮਾਜ ਦੇ ਲੋਕਾਂ ਨੂੰ ਉਚ ਕਦਰਾਂ ਕੀਮਤਾਂ ਨੂੰ ਬਣਾਈ ਰੱਖਣ ਵੱਲ ਪ੍ਰੇਰਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਮੈਗਜ਼ੀਨ ਨੂੰ ਉਤਸ਼ਾਹਿਤ ਕਰਨ ਲਈ ਸੰਸਥਾਂ ਨੂੰ ਪਾਠਕਾਂ ਤੋਂ ਲਗਾਤਾਰ ਸਹਿਯੋਗ ਮਿਲਦਾ ਰਹੇਗਾ। ਸਮਾਗਮ ਨੂੰ ਜ਼ਿਲਾ ਲਿਖਾਰੀ ਸਭਾ ਰੂਪਨਗਰ ਦੇ ਸਾਬਕਾ ਪ੍ਰਧਾਨ ਡਾ. ਹੇਮ ਕਿਰਨ, ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਤੇ ਰਾਮ ਸਿੰਘ ਸੈਣੀ ਨੇ ਵੀ ਸੰਬੋਧਨ ਕੀਤਾ। ਬੀਬੀ ਭਿਉਰਾ ਨੇ ਇਸ ਮੌਕੇ ਸੰਸਥਾ ਦੇ ਸਿਲਾਈ

ਕਢਾਈ ਤੇ ਬਿਊਟੀਸ਼ਨ ਆਰਟ ਸੈਂਟਰ ਦੇ ਸਫਲ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਵੰਡੇ।

ਇਸ ਮੌਕੇ ਤੇ ਕਰਨਲ ਵਿਨੋਦ ਚੌਧਰੀ, ਬਲਬੀਰ ਸਿੰਘ ਸੈਣੀ, ਪ੍ਰੋ. ਮਲਕੀਅਤ ਸਿੰਘ ਮਹਿਤਪੁਰੀ, ਅਮਰਜੀਤ ਸਿੰਘ, ਇੰਜ. ਕਰਨੈਲ ਸਿੰਘ, ਬੀ.ਐਸ. ਪਾਬਲਾ, ਇੰਜ. ਜੀਤ ਰਾਮ, ਸਤੀਸ ਸੈਣੀ ਬੇਲਾ, ਕੈਪਟਨ ਹਾਕਮ ਸਿੰਘ, ਗੁਰਮੁੱਖ ਸਿੰਘ ਸੈਣੀ, ਗੁਰਮੁੱਖ ਸਿੰਘ ਲੌਂਗੀਆਂ, ਹਰਜੀਤ ਸਿੰਘ ਲੌਂਗੀਆ, ਰਾਜਿੰਦਰ ਸਿੰਘ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ, ਦਲਜੀਤ ਸਿੰਘ, ਮਨਜੀਤ ਸਿੰਘ ਤੰਬੜ ਆਦਿ ਹਾਜ਼ਰ ਸਨ।

### 3. ਜਨਮਦਿਨ 'ਤੇ ਵਧਾਈ

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ ਸੰਸਥਾ ਦੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਮਹਾਂਦਾਨੀ ਕਰਨਲ ਜੀ.ਆਰ. ਸੈਣੀ ਦੇ 9 ਅਗਸਤ 2015 ਨੂੰ 98ਵੇਂ ਜਨਮ ਦਿਨ 'ਤੇ ਉਨ੍ਹਾਂ ਦੇ ਨਿਵਾਸ ਸਥਾਨ ਹੁਸ਼ਿਆਰਪੁਰ ਵਿਖੇ ਪੁੱਜ ਕੇ ਵਧਾਈ ਦਿੱਤੀ। ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਬਲਬੀਰ ਸਿੰਘ ਸੈਣੀ, ਪੀ.ਆਰ.ਓ. ਰਾਜਿੰਦਰ ਸੈਣੀ, ਕੈਸ਼ੀਅਰ ਅਜੀਤ ਸਿੰਘ ਬਜਾਜ ਅਤੇ ਸਰਕੂਲੇਸ਼ਨ ਮੈਨੇਜਰ ਅਜਮੇਰ ਸਿੰਘ ਧਮੜੈਤ ਨੇ ਮਹਾਨ ਸ਼ਖ਼ਸੀਅਤ ਨੂੰ ਗੁਲਦਸਤਾ ਭੇਟ ਕੀਤਾ ਅਤੇ ਜਨਮ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਉਮਰ ਵਿੱਚ ਵੀ ਦਿਮਾਗੀ ਤੌਰ ਤੇ ਪੂਰਨ ਰੂਪ ਵਿੱਚ ਤੰਦਰੁਸਤ ਤੇ ਚੌਕੰਨੇ ਕਰਨਲ ਜੀ.ਆਰ. ਸੈਣੀ ਨੇ ਇਸ ਮੌਕੇ ਸੈਣੀ ਭਵਨ ਨਾਲ ਆਪਣੀ ਪੁਰਾਣੀ ਸਾਂਝ ਨੂੰ ਯਾਦ ਕਰਦੇ ਹੋਏ ਸੈਣੀ ਭਵਨ ਦੇ ਚੇਅਰਮੈਨ ਐਲ. ਆਰ. ਮੁੰਦਰਾ ਦੀ ਅਗਵਾਈ ਵਿੱਚ ਸੰਸਥਾ ਵੱਲੋਂ ਸਿੱਖਿਆ ਦੇ ਪ੍ਰਸਾਰ ਅਤੇ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਉਨ੍ਹਾਂ ਕਿਹਾ ਕਿ ਸੈਣੀ ਭਵਨ ਰੂਪਨਗਰ ਵੱਲੋਂ ਕੀਤੇ ਜਾ ਰਹੇ ਚੰਗੇ ਕੰਮਾਂ ਨੂੰ ਜਾਣ ਕੇ ਉਨ੍ਹਾਂ ਦਾ ਮਨ ਬਹੁਤ ਜਿਆਦਾ ਖੁਸ਼ ਹੁੰਦਾ ਹੈ। ਉਨ੍ਹਾਂ ਕਿਹਾ ਸਾਨੂੰ ਸੈਣੀ ਬਰਾਦਰੀ ਦੇ ਕਮਜ਼ੋਰ ਵਰਗਾਂ ਲਈ ਰਾਖਵੇਂਕਰਨ ਦੀ ਸਹੂਲਤ ਲੈਣ ਲਈ ਪੰਜਾਬ ਸਰਕਾਰ 'ਤੇ ਜ਼ੋਰ ਨਾਲ ਆਪਣਾ ਪੱਖ ਰੱਖਣ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ। ਇਸ ਮੌਕੇ ਉਨ੍ਹਾਂ ਦੀ ਦੋਹਤ ਨੂੰਹ ਸ਼੍ਰੀਮਤੀ ਗੁਰਜਿੰਦਰ ਕੌਰ ਪਤਨੀ ਸ਼੍ਰੀ ਰਾਜੇਸ਼ ਚੌਧਰੀ ਨੇ ਸੰਸਥਾ ਨੂੰ 25 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ।

ਇੱਥੇ ਇਹ ਵਰਨਣਯੋਗ ਹੈ ਕਿ ਕਰਨਲ ਜੀ.ਆਰ. ਸੈਣੀ ਵੱਲੋਂ ਸੈਣੀ ਚੈਰ੍ਹਟੇਬਲ ਐਜੂਕੇਸ਼ਨ ਟਰੱਸਟ ਨੂੰ 20 ਲੱਖ 45 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ ਗਈ ਹੈ, ਜਿਸ ਦੇ ਵਿਆਜ ਨਾਲ ਸੰਸਥਾ ਵੱਲੋਂ 23 ਜ਼ਰੂਰਤਮੰਦ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਹਰ ਸਾਲ ਵਜ਼ੀਫੇ ਦਿੱਤੇ ਜਾਂਦੇ ਹਨ। ਸੈਣੀ ਭਵਨ ਦੇ ਪ੍ਰਬੰਧਕ ਉਨ੍ਹਾਂ ਦੀ ਲੰਬੀ ਉਮਰ ਤੇ ਖੁਸ਼ਹਾਲ ਜੀਵਨ ਦੀ ਕਾਮਨਾ ਕਰਦੇ ਹਨ।

### 4)ਲੜਕੀਆਂ ਨੇ ਸਾਵਣ ਦੀਆਂ ਤੀਆਂ ਮਨਾਈਆਂ

ਸੈਣੀ ਭਵਨ ਵਿਖੇ ਚੱਲ ਰਹੇ ਸਿਲਾਈ ਕਢਾਈ ਸਕੂਲ, ਕੰਪਿਊਟਰ, ਬਿਊਟੀਸ਼ਨ ਆਰਟ ਅਤੇ ਫੈਸ਼ਨ ਡਿਜ਼ਾਇਨਿੰਗ ਸੈਂਟਰ ਦੀਆਂ ਵਿਦਿਆਰਥਣਾਂ ਵੱਲੋਂ 14 ਅਗਸਤ ਨੂੰ ਮਿਲ ਕੇ ਸਾਵਣ ਦੀਆਂ ਤੀਆਂ ਦਾ ਤਿਉਹਾਰ ਮਨਾਇਆ। ਸਕੂਲ ਅਧਿਆਪਕਾਵਾਂ ਹਰਜੀਤ ਕੌਰ, ਉਰਮਲਾ, ਕਿਰਨ ਅਤੇ ਰੇਖਾ ਦੀ ਅਗਵਾਈ ਵਿੱਚ ਲੜਕੀਆਂ ਨੇ ਗਰੁੱਪ ਬਣਾ ਕੇ ਆਪਣੇ ਹੱਥਾਂ 'ਤੇ ਮਹਿੰਦੀ ਸਜਾਈ ਅਤੇ ਨੱਚ-ਟੱਪ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਪੀਆਰਓ ਰਾਜਿੰਦਰ ਸੈਣੀ ਨੇ ਲੜਕੀਆਂ ਨੂੰ ਰਲ-ਮਿਲ ਸਾਵਣ ਦੀਆਂ ਤੀਆਂ ਮਨਾਉਣ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸਫਲ ਜੀਵਨ ਦੀ ਕਾਮਨਾ ਕੀਤੀ।

**5) ਨੰਬਰਦਾਰ ਪ੍ਰੀਤਮ ਸਿੰਘ ਤੇ ਪ੍ਰੇਮ ਕੌਰ ਦੀ ਬਰਸੀ ਮਨਾਈ :** ਰੂਪਨਗਰ ਸ਼ਹਿਰ ਦੇ ਉੱਘੇ ਸਮਾਜ ਸੇਵਕ ਤੇ ਸੈਣੀ ਭਵਨ ਦੇ ਮੋਢੀ ਟਰੱਸਟੀ ਨੰਬਰਦਾਰ ਪ੍ਰੀਤਮ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਪ੍ਰੇਮ ਕੌਰ ਦੀ 16 ਅਗਸਤ 2015 ਨੂੰ ਸੈਣੀ ਭਵਨ ਵਿਖੇ ਬਰਸੀ ਮਨਾਈ ਗਈ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਅਰਦਾਸ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਸਪੁੱਤਰ ਮੋਹਣ ਸਿੰਘ, ਟੇਕਪਾਲ ਸਿੰਘ ਸਮੇਤ ਪਰਿਵਾਰ, ਰਿਸ਼ਤੇਦਾਰ 'ਤੇ ਨਜ਼ਦੀਕੀਆਂ ਤੋਂ ਇਲਾਵਾ ਸੈਣੀ ਭਵਨ ਦੇ ਪ੍ਰਬੰਧਕ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਨੰਬਰਦਾਰ ਪ੍ਰੀਤਮ ਸਿੰਘ (92) 15 ਫਰਵਰੀ, 2015 ਅਤੇ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਪ੍ਰੇਮ ਕੌਰ 27 ਸਤੰਬਰ 2014 ਨੂੰ ਅਕਾਲ ਚਲਾਣਾ ਕਰ ਗਏ ਸਨ। ਅਰਦਾਸ ਉਪਰੰਤ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਐਲ. ਆਰ. ਮੁੰਦਰਾ, ਪੀਆਰ.ਓ. ਰਾਜਿੰਦਰ ਸੈਣੀ ਨੇ ਨੰਬਰਦਾਰ ਪ੍ਰੀਤਮ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਸਮਾਜ ਪ੍ਰਤਿ ਨਿਸ਼ਕਾਮ ਸੇਵਾਵਾਂ ਨੂੰ ਯਾਦ ਕੀਤਾ ਅਤੇ ਨਿੱਘੀ ਸ਼ਰਧਾਜਲੀ ਭੇਟ ਕੀਤੀ। ਇਸ ਸਮਾਗਮ ਵਿੱਚ ਸੀਨੀਅਰ ਸਿਟੀਜ਼ਨ ਕੌਂਸਲ ਦੇ ਪ੍ਰਧਾਨ ਇੰਜ ਕਰਨੈਲ ਸਿੰਘ, ਮੂਲ ਰਾਮ ਸ਼ਰਮਾ, ਪ੍ਰੋ. ਬੀ.ਐਸ. ਸਤਿਆਲ, ਇੰਦਰ ਪਾਲ ਸਿੰਘ ਚੱਢਾ, ਰਾਜ ਕੁਮਾਰ ਸਰਮਾ, ਸੈਣੀ ਭਵਨ ਦੇ ਟਰੱਸਟੀ ਤੇ ਮੈਂਬਰ ਬਲਬੀਰ ਸਿੰਘ ਸੈਣੀ, ਰਾਮ ਸਿੰਘ ਸੈਣੀ, ਬੀ. ਐਸ. ਪਾਬਲਾ, ਅਜੀਤ ਸਿੰਘ ਬਜਾਜ, ਕਰਨਲ ਵਿਨੋਦ ਚੌਧਰੀ, ਰਾਜੀਵ ਸੈਣੀ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਰਾਜਿੰਦਰ ਸਿੰਘ, ਹਰਜੀਤ ਸਿੰਘ ਗਿਰਨ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ, ਸ਼ਤੀਸ ਸੈਣੀ, ਕੈਪਟਨ ਹਾਕਮ ਸਿੰਘ, ਇੰਜ ਗੁਰਚਰਨ ਸਿੰਘ ਡੇਰਾਬਸੀ ਆਦਿ ਹਾਜ਼ਰ ਸਨ। ਨੰਬਰਦਾਰ ਪ੍ਰੀਤਮ ਸਿੰਘ ਦੇ ਛੋਟੇ ਪੁੱਤਰ ਟੇਕਪਾਲ ਸਿੰਘ ਨੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਰੈਗੂਲਰ ਵਜ਼ੀਫੇ ਦੇਣ ਲਈ 50 ਹਜ਼ਾਰ ਰੁਪਏ, ਕੈਜ਼ੂਅਲ ਵਜ਼ੀਫੇ ਲਈ 10700 ਰੁਪਏ ਅਤੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਨੂੰ 10 ਹਜ਼ਾਰ ਰੁਪਏ ਦੀ ਮਾਲੀ

ਮਦਦ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ 10 ਹਜ਼ਾਰ ਰੁਪਏ 'ਆਪਣਾ ਘਰ' ਨੂੰ ਮਾਲੀ ਮਦਦ ਦਿੱਤੀ।ਨੰਬਰਦਾਰ ਜੀ ਦੇ ਪਰਿਵਾਰ ਵੱਲੋਂ ਪਹਿਲਾ ਵੀ ਰੈਗੂਲਰ ਵਜ਼ੀਫੇ ਦੇਣ ਲਈ 2 ਲੱਖ ਰੁਪਏ ਦਿੱਤੇ ਗਏ ਹਨ। ਵਰਨਣਯੋਗ ਹੈ ਨੰਬਰਦਾਰ ਪ੍ਰੀਤਮ ਸਿੰਘ, ਸੈਣੀ ਭਵਨ, ਆਪਣਾ ਘਰ ਦੇ ਮੋਢੀ ਟਰੱਸਟੀ ਤੋਂ ਇਲਾਵਾ ਗੋਪਾਲ ਗਊਸ਼ਾਲਾ ਅਤੇ ਸੀਨੀਅਰ ਸਿਟੀਜ਼ਨਜ਼ ਕੌਂਸਲ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਸਨ।

6. ਸਿਖਿਆਰਥਣਾਂ ਦਾ ਖੇਤੀਬਾੜੀ ਖੋਜ ਕੇਂਦਰ ਦਾ ਟੂਰ:

ਸੈਣੀ ਭਵਨ ਦੇ ਸਿਲਾਈ-ਕਢਾਈ ਸਕੂਲ ਦੀਆਂ ਦੋ ਅਧਿਆਪਕਾਵਾਂ ਅਤੇ 26 ਸਿਖਿਆਰਥਣਾਂ ਨੇ 15 ਸਤੰਬਰ 2015 ਨੂੰ ਬੁਲੋਵਾਲ-ਸੌਂਖੜੀ (ਬਲਾਚੌਰ) ਖੇਤੀਬਾੜੀ ਖੋਜ ਕੇਂਦਰ ਵਿਖੇ ਆਯੋਜਿਤ ਖੇਤੀਬਾੜੀ ਮੇਲੇ ਦਾ ਆਨੰਦ ਮਾਣਿਆ। ਇਨ੍ਹਾਂ ਦੀ ਅਗਵਾਈ ਡਾ. ਮਲਕੀਅਤ ਸਿੰਘ ਟਰੱਸਟੀ ਨੇ ਕੀਤੀ। ਸਿਖਿਆਰਥਣਾਂ ਨੇ ਨੁਮਾਇਸ਼ ਵਿੱਚ ਲਗਾਏ ਸਟਾਲਾਂ 'ਤੇ ਬਾਗਬਾਨੀ ਸਜਾਵਟਾਂ ਵਾਲੇ ਫਲਾਂ ਤੇ ਹੋਮ ਸਾਇੰਸ ਦੇ ਸਾਮਾਨ ਨੂੰ ਗਹੁਪੂਰਬਕ ਵੇਖਿਆ। ਉਨ੍ਹਾਂ ਨੇ ਹੋਮ ਸਾਇੰਸ ਕਾਲਜ ਵਲੋਂ ਪ੍ਰਦਰਸ਼ਿਤ ਬੁਟੀਕ ਤੇ ਘਰੇਲੂ ਸਜਾਵਟ ਦੀਆਂ ਚੀਜ਼ਾਂ ਦਾ ਆਨੰਦ ਮਾਣਿਆ ਅਤੇ ਵਿਦਵਾਨਾਂ ਦੇ ਵਿਚਾਰ ਸੁਣੇ। ਸਿਖਿਆਰਥਣਾਂ ਨੇ ਕਾਠਗੜ੍ਹ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ ਨੂੰ ਵੀ ਵੇਖਿਆ। ਲੜਕੀਆਂ ਲਈ ਇਹ ਇੱਕ ਨਿਵੇਕਲਾ ਅਨੁਭਵ ਸੀ

......ਪੰਨਾ 15 ਦੀ ਬਾਕੀ

ਪਲਕ ਝਪਕਾਏ ਵੇਖੋ। ਫਿਰ ਨਜ਼ਰ, ਬਿੰਦੂ ਨੂੰ ਬਿਨ੍ਹਾਂ ਪਲਕ ਝਪਕਾਏ ਵੇਖੋ। ਅੰਤ ਵਿੱਚ ਕੋਮਲਤਾ ਨਾਲ ਅੱਖਾਂ ਨੂੰ ਬੰਦ ਕਰਕੇ ਆਰਾਮ ਦਿਓ।

ਹ) ਅੱਖਾਂ ਨੂੰ ਢਕਣਾ (Palming)

ਦੋਵੇਂ ਹਥੇਲੀਆਂ ਨੂੰ ਕੱਪ ਵਾਂਗ ਬਣਾਓ। ਇਨਾਂ ਨੂੰ ਅੱਖਾਂ ਉੱਤੇ ਕੋਮਲਤਾ ਨਾਲ ਇਸ ਪ੍ਰਕਾਰ ਰੱਖੋ ਕਿ ਸਾਰਾ ਕੱਪ ਅੱਖਾਂ ਦੇ ਉੱਪਰ ਆ ਜਾਵੇ। ਸੱਜੇ ਹੱਥ ਦੀਆਂ ਉਂਗਲਾਂ ਖੱਬੇ ਹੱਥ ਦੀਆਂ ਉਂਗਲਾਂ ਦੇ ਉੱਪਰ ਰੱਖੋ। ਹੱਥਾਂ ਦੀ ਸਥਿਤੀ ਇਸ ਪ੍ਰਕਾਰ ਹੋਵੇ ਕਿ ਬਾਹਰ ਤੋਂ ਕੋਈ ਰੋਸ਼ਨੀ ਅੱਖਾਂ ਤੇ ਨਾ ਪਵੇ। ਪਲਕਾਂ ਨੂੰ ਝਪਕਾਓ। ਅੱਖਾਂ ਨੂੰ ਕੋਮਲਤਾ ਨਾਲ ਬੰਦ ਕਰੋ। ਅਜਿਹਾ ਮਹਿਸੂਸ ਕਰੋ ਕਿ ਤੁਸੀਂ ਹਨੇਰੇ ਕਮਰੇ ਵਿੱਚ ਬੈਠੇ ਹੋ। ਕੁਝ ਦੇਰ ਲਈ ਇਹ ਸਥਿਤੀ ਬਣਾਈ ਰੱਖੋ। ਇਸ ਨਾਲ ਅੱਖਾਂ ਨੂੰ ਆਰਾਮ ਮਿਲਦਾ ਹੈ। ਅੱਖਾਂ ਦੀ ਰੋਸ਼ਨੀ ਵਧਦੀ ਹੈ। ਥਕਾਵਟ ਦੂਰ ਹੁੰਦੀ ਹੈ। ਦਿਨ ਵਿੱਚ ਕਦੇ ਵੀ ਅੱਖਾਂ ਨੂੰ ਥਕਾਵਟ ਆਉਣ ਤੇ ਇਸ ਦਾ ਅਭਿਆਸ ਲਾਹੇਵੰਦ ਹੈ।

ਧੰਨਵਾਦ ਸਹਿਤ
ਭਾਰਤੀ ਯੋਗ ਸੰਸਥਾਨ।



ਵਿਸ਼ੇਸ਼ ਸੂਚਨਾ

## ਸਾਲਾਨਾ ਸਿੱਖਿਆ ਸਮਾਗਮ

ਅਮਰਜੀਤ ਸਿੰਘ

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਰੂਪਨਗਰ ਵਲੋਂ ਸਾਲਾਨਾ ਸਿੱਖਿਆ ਸਮਾਗਮ 7 ਨਵੰਬਰ 2015 ਨੂੰ ਸੈਣੀ ਭਵਨ ਰੂਪਨਗਰ ਵਿਖੇ ਕੀਤਾ ਜਾ ਰਿਹਾ ਹੈ। ਇਸ ਵਿੱਚ ਤਿੰਨ ਪ੍ਰੋਗਰਾਮ ਕਰਵਾਏ ਜਾਣਗੇ।

ੳ) ਭਾਸ਼ਣ ਮੁਕਾਬਲੇ : ਪਹਿਲਾ ਭਾਸ਼ਣ-ਮੁਕਾਬਲਾ ਪੰਜਾਬੀ ਵਿਚ ਹੋਵੇਗਾ, ਜਿਸ ਵਿਚ ਨੌਵੀਂ ਸ਼੍ਰੈਣੀ ਤੋਂ ਬਾਹਰਵੀਂ ਸ਼੍ਰੇਣੀ ਤੱਕ ਪੜਦੇ ਵਿਦਿਆਰਥੀ ਭਾਗ ਲੈਣ ਦੇ ਯੋਗ ਹਨ। ਇਸ ਸਾਲ ਪੰਜਾਬੀ ਭਾਸ਼ਣ ਮੁਕਾਬਲੇ ਦਾ ਵਿਸ਼ਾ "ਭਾਰਤ ਦੀ ਸਿੱਖਿਆ ਪ੍ਰਣਾਲੀ ਵਿਚ ਤਰੁਟੀਆਂ, ਕਾਰਨ ਅਤੇ ਹੱਲ"। ਦੂਜਾ ਭਾਸ਼ਣ ਮੁਕਾਬਲਾ ਅੰਗਰੇਜ਼ੀ ਵਿਚ ਹੋਵੇਗਾ, ਜਿਸ ਵਿਚ ਗਿਆਰਵੀਂ ਅਤੇ ਇਸ ਤੋਂ ਉੱਪਰ ਵਾਲੀਆਂ ਸ਼੍ਰੈਣੀਆਂ ਵਿੱਚ ਪੜ੍ਹਦੇ ਵਿਦਿਆਰਥੀ ਭਾਗ ਲੈ ਸਕਣਗੇ। ਇਸ ਭਾਸ਼ਣ ਦਾ ਵਿਸ਼ਾ ਹੈ "Drawbacks of the present Sources of Energy and the alternative Sources of Energy suitable for India". ਪ੍ਰਤਿਯੋਗੀਆਂ ਨੂੰ ਆਪਣਾ ਭਾਸ਼ਣ ਜ਼ੁਬਾਨੀ ਦੇਣਾ ਹੋਵੇਗਾ। ਇਸ ਦਾ ਘੱਟ ਤੋਂ ਘੱਟ ਸਮਾਂ 4 ਮਿੰਟ ਅਤੇ ਵੱਧ ਤੋਂ ਵੱਧ 5 ਮਿੰਟ ਹੋਵੇਗਾ। ਇਸ ਸਮੇਂ ਤੋਂ ਘੱਟ ਜਾਂ ਵੱਧ ਸਮਾਂ ਲੈਣ ਵਾਲੇ ਦੇ ਅੰਕਾਂ ਵਿਚ ਕਟੌਤੀ ਕੀਤੀ ਜਾਵੇਗੀ। ਭਾਸ਼ਣਾਂ ਦੀ ਜੱਜਮੈਂਟ ਵਿਸ਼ੇ ਦੇ ਮਾਹਿਰਾਂ ਅਤੇ ਤਜਰਬੇਕਾਰ ਬੁੱਧੀਜੀਵੀਆਂ ਤੋਂ ਕਰਵਾਈ ਜਾਵੇਗੀ। ਇਸ ਪ੍ਰਤਿਯੋਗਤਾ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ, ਪਹਿਲੀਆਂ ਤਿੰਨ ਪੋਜ਼ੀਸ਼ਨਾ ਹਾਸਿਲ ਕਰਨ ਵਾਲਿਆਂ ਨੂੰ ਨਗਦ ਇਨਾਮ ਅਤੇ ਅਗਲੀਆਂ ਦੋ ਪੋਜ਼ੀਸ਼ਨਾ ਵਾਲਿਆਂ ਨੂੰ ਕੰਸੋਲੇਸ਼ਨ ਇਨਾਮ ਦਿੱਤੇ ਜਾਣਗੇ। ਇਸ ਪ੍ਰਤਿਯੋਗਤਾ ਵਿਚ ਭਾਗ ਲੈਣ ਵਾਲੇ ਵਿਦਿਆਰਥੀ ਸੈਣੀ ਭਵਨ ਰੂਪਨਗਰ ਦੇ ਦਫਤਰ ਵਿਚ ਬਿਨੈ ਪੱਤਰ 1 ਨਵੰਬਰ ਤੱਕ ਭੇਜ ਕੇ ਆਪਣੇ ਨਾਮ ਦਰਜ ਕਰਵਾ ਸਕਦੇ ਹਨ। ਹਰ ਪ੍ਰਤਿਯੋਗੀ ਲਈ ਰਜਿਸਟਰੇਸ਼ਨ ਫੀਸ 20 ਰੁਪਏ ਨਿਸ਼ਚਿਤ ਕੀਤੀ ਗਈ ਹੈ।

ਅ) ਇਸ ਸਮਾਗਮ ਦੇ ਦੂਜੇ ਪੜਾਅ ਵਿਚ ਨਿਯਤ ਕੀਤੀ ਗਈ ਅੰਤਿਮ ਮਿਤੀ 31 ਅਗਸਤ 2015 ਤੱਕ ਪ੍ਰਾਪਤ 200 ਦੇ ਕਰੀਬ ਬਿਨੈਪੱਤਰਾਂ ਵਿਚੋਂ ਮੈਰਿਟ ਅਤੇ ਪਰਿਵਾਰ ਦੀ ਆਰਥਿਕ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਵਿਦਿਆਰਥੀਆਂ ਨੂੰ ਕੋਈ 5 ਲੱਖ ਰੁਪਏ ਦੇ ਵਜ਼ੀਫੇ ਵੰਡੇ ਜਾਣਗੇ।

ੲ) ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਜਾਣਗੇ, ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਅਤੇ ਮਹਿਮਾਨਾਂ ਦਾ ਸਨਮਾਨ ਕੀਤਾ ਜਾਵੇਗਾ। ਗੁਰੂ ਕਾ ਲੰਗਰ ਵੀ ਹੋਵੇਗਾ। ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਦਾਨੀਆਂ, ਸੈਣੀ ਭਵਨ ਦੇ ਸ਼ੁੱਭਚਿੰਤਕਾਂ ਅਤੇ ਆਜੀਵਨ ਮੈਂਬਰਾਂ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।



## FIVE YEAR MEMBERS OF "SAINI SANSAR"

Ajmer Singh Dhamrait


Continued from page No. 21 of 17th Issue

515. **Hans Raj Saini**
# 456/6, West Guru Nanak Pura, Jalandhar
516. **Gurbachan Singh**
VPO Lasasara
517. **Parwinder Singh**
Kalam Road, Distt. Nawanshahr
518. **Hardeep Singh**
VPO Bazidpur, Distt. Nawanshahr
519. **Surjan Singh Teacher**
VPO Bazidpur, Distt. Ropar
520. **Nareshpal Singh**
# 966,Sector 11, Garden Colony, Kharar
521. **Manohar Singh**
# 2, Bag Colony, Anandpur Sahib
522. **Inderpal Singh Banga**
Koti No. 1, Bag Colony, Anandpur Sahib
523. **Diwan Singh**
# 1685/5A, Shahid Bhgat S. Nagar, Ropar
524. **Harmel Singh**
VPO Kotla Nihan, Ropar
525. **Raghbir Singh**
VPO Phoolpur Grewal, Distt. ropar
526. **Jaswinder Singh**
VPO Phoolpur Grewal, Distt. ropar
527. **Inderjeet Singh**
VPO Phoolpur Grewal, Distt. Fopar
528. **Jarnail Singh**
# 656, Phase - 10, Mohali
529. **Jasbir Singh**
# 304/2, Pipliwala Town, Manimajra, Chd.
530. **Joginder Singh**
# 420, G.Z.S. Nagar, Ropar
531. **Baljit Singh**
# 72B, Saini Bhawan Road, Ropar
532. **Manjeet Singh**
# 5086, Sukhram Tapprian, Distt. Ropar
533. **Bachittar Singh**
# 375, Phase 3-A, Mohali
534. **Hardial Singh**
# 2738, Phase - 7, Mohali
535. **Harjeet Singh Dangi**
Vill. Haveli Kalan, Distt. Ropar
536. **Capt. Amarjeet Singh**
VPO Panjaur, Distt. Hoshiarpur
537. **Karnail Singh**
VPO Panjaur, Distt. Hoshiarpur
538. **Surjeet Singh**
VPO Panjaur, Distt. Hoshiarpur
539. **Balwant Singh Saini**
VPO Panjaur, Distt. Hoshiarpur
540. **Manjeet Singh**
VPO Panjaur, Distt. Hoshiarpur
541. **Balbir Singh Saini**
VPO Usmanpur, Distt. S.B.S. Nagar
542. **Anju Chander**
# 272, Ward No. 16, Sec. 4, Kharar
543. **Harmeet Kaur**
65A, Sunny Enclave, Sec. 125, Kharar
544. **Karam Singh**
# 536, Victory Avenue Manteca,
CA-95936, USA
545. **Nirmal Singh Nirmal**
# 534, Giani Zail Singh Nagar, Ropar
546. **Fauja Singh**
Shop No. 3, Kamla Market, Phase 1, Mohali
547. **Bahadurjeet Singh**
Nehru Nagar, Ropar
548. **Rajvir Singh**
VPO Fatehpur Dosarka, Distt. Hoshiarpur

ਸਮਾਜ ਸੇਵਾ

# ਅਣਡਿੱਠੇ ਫਰਜ਼

ਸੀਤਲ ਸਿੰਘ ਸੈਣੀ



ਲੋੜਵੰਦ ਬੱਚਿਆਂ ਨੂੰ ਮਾਇਕੀ ਸਹਾਇਤਾ ਦੇ ਕੇ , ਉਹਨਾਂ ਨੂੰ ਤਾਲੀਮ ਦੇਣਾ ਅਤੇ ਬਰਸਰੇ ਰੋਜ਼ਗਾਰ ਬਨਾਉਣਾ, ਇਨਸਾਨੀਅਤ ਦਾ ਇੱਕ ਉੱਤਮ ਫਰਜ਼ ਹੈ। ਇਹ ਸਮਾਜਿਕ ਢਾਂਚੇ ਨੂੰ ਮਜ਼ਬੂਤ ਕਰਨ ਪ੍ਰਤੀ ਸੱਚਾ ਯੋਗਦਾਨ ਹੈ।

ਸੰਨ 1955-58 ਦਾ ਸਮਾਂ ਯਾਦ ਆ ਰਿਹਾ ਹੈ। ਸਾਡੇ ਪਿਤਾ ਜੀ, ਮਾਸਟਰ ਰਾਮ ਰੱਖਾ ਸਿੰਘ (ਸਵਰਗਵਾਸੀ) ਲਸਾੜਾ ਨਿਵਾਸੀ ਸਕੂਲ ਡਿਊਟੀ ਤੋਂ ਬਾਅਦ ਲੋੜਵੰਦ ਵਿਦਿਆਰਥੀਆਂ ਨੂੰ ਰਾਤ ਸਮੇਂ ਮਿੱਟੀ ਦੇ ਤੇਲ ਵਾਲੇ ਲੈਂਪ ਦੀ ਰੋਸ਼ਨੀ ਵਿੱਚ ਮੁਫ਼ਤ ਟਿਊਸ਼ਨ ਸੇਵਾ ਨਿਭਾਇਆ ਕਰਦੇ ਸਨ। ਉਸ ਵਕਤ ਹਰ ਪਿੰਡ ਸਕੂਲ ਨਹੀਂ ਸੀ ਹੋਇਆ ਕਰਦਾ ਅਤੇ ਜ਼ਿਆਦਾਤਰ ਲੋਕ ਖੇਤੀਬਾੜੀ ਤੇ ਨਿਰਭਰ ਕਰਦੇ ਸਨ। ਗ਼ਰੀਬੀ ਦਾ ਅਤਿ ਬੋਲਬਾਲਾ ਸੀ। ਪਿਤਾ ਜੀ ਲੋੜਵੰਦ ਬੱਚਿਆਂ ਦੀਆਂ ਫੀਸਾਂ ਦੇਣ ਦੀ ਸੇਵਾ ਆਪਣੀ ਤਨਖਾਹ ਵਿੱਚੋਂ ਕਰ ਦਿੰਦੇ ਸਨ।

ਦਾਸ ਨੂੰ ਇਹ ਸੇਵਾ ਭਾਵੇਂ ਵਿਰਸੇ ਵਿੱਚ ਹੀ ਪ੍ਰਾਪਤ ਹੋ ਗਈ। ਪਰ ਕਾਫੀ ਸਮਾਂ ਤਾਂ ਇਹ ਸੇਵਾ ਰੂਪੀ ਪੁੰਗਰਾ ਅਣਗੌਲਿਆ ਜਾਂ ਛੁਪਿਆ ਰਿਹਾ। ਮੋਹਾਲੀ ਵਿਖੇ ਇਕ ਐਸੇ ਸੱਜਣ ਨਾਲ ਮੁਲਾਕਾਤ ਹੋਈ ਜੋ ਕਿ ਗਰੀਬ ਬੱਚਿਆਂ ਨੂੰ ਤਾਲੀਮ ਅਤੇ ਬਰਸਰੇ ਰੋਜ਼ਗਾਰ ਵਲ ਲੱਗੇ ਹੋਏ ਸਨ। ਉਨ੍ਹਾਂ ਨੂੰ ਦੇਖ ਮਨ ਵਿੱਚ ਚਾਓ ਪੈਦਾ ਹੋਇਆ ਅਤੇ ਪਿਤਾ ਜੀ ਦੇ ਸੱਚੇ ਉਦੇਸ਼ਾਂ ਪ੍ਰਤਿ ਜਾਗਰੂਪ ਹੋ ਹੀ ਗਿਆ।

ਨਹਿਰ ਦੇ ਕੰਢੇ ਇੱਕ ਸਕੂਲੀ ਬੱਚਾ ਬੈਗ ਚੁੱਕੀ ਤੁਰਿਆ ਜਾ ਰਿਹਾ ਸੀ। ਦਾਸ ਨੇ ਸਕੂਟਰ ਰੋਕ ਕੇ ਬਿਠਾਇਆ। ਉਸਨੇ ਤੁਰ ਕੇ ਕਾਫੀ ਦੂਰ ਖਾਲਸਾ ਸਕੂਲ ਪਹੁੰਚਣਾ ਸੀ। ਬੱਚੇ ਨਾਲ ਗੱਲਬਾਤ ਕਰਨ 'ਤੇ ਪਤਾ ਚਲਿਆ ਕਿ ਉਸਦੀ ਜਮਾਤ ਵਿੱਚ ਕਈ ਬੱਚੇ ਐਸੇ ਹਨ ਜੋ ਦੋ-ਤਿੰਨ ਮਹੀਨੇ ਤੋਂ ਸਕੂਲ ਦੀਆਂ ਫੀਸਾਂ ਦੇਣ ਤੋਂ ਅਸਮਰਥ ਹਨ। ਦਾਸ ਨੇ ਗੁਰੂ ਕ੍ਰਿਪਾ ਸਦਕਾ ਸਕੂਲ ਦੀ ਪ੍ਰਿੰਸੀਪਲ ਨਾਲ ਮੁਲਾਕਾਤ ਕੀਤੀ ਅਤੇ ਉਸ ਬੱਚੇ ਦੇ ਅਨੁਭਵ ਵਿਚਾਰਾਂ ਨੂੰ ਅਗੇ ਤੋਰਦੇ ਹੋਏ ਕੁਝ ਗਰੀਬੀ ਦਾਵੇ ਦੀ ਸੇਵਾ ਕਰਨ ਲਈ ਜਾਣਕਾਰੀ ਪ੍ਰਾਪਤ ਕੀਤੀ। ਮੈਡਮ ਪ੍ਰਿੰਸੀਪਲ ਨੇ ਦੱਸਿਆ ਕਿ ਕਾਫੀ ਵਿਦਿਆਰਥੀ ਐਸੇ ਪਰਿਵਾਰਾਂ ਨਾਲ ਸਬੰਧਤ ਹਨ ਜਿਨ੍ਹਾਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਜਾਂ ਰੋਜ਼ਗਾਰ ਦਾ ਸਾਧਨ 'ਦਿਹਾੜੀਦਾਰ ਮਜ਼ਦੂਰੀ' ਜਾਂ ਫਿਰ ਮਾਤਾ ਪਿਤਾ ਘਰਾਂ ਵਿੱਚ ਸਫਾਈ ਦਾ ਕੰਮ ਜਾਂ ਰਿਕਸ਼ਾ ਆਦਿ ਚਲਾਉਣ ਦੀ ਮਜ਼ਦੂਰੀ ਕਰਦੇ ਹਨ, ਜਿਸ ਨਾਲ ਪੇਟ ਪੂਜਾ ਹੀ ਮੁਸ਼ਕਲ ਨਾਲ ਚਲਦੀ ਹੈ ਅਤੇ ਨੋਮੀਨਲ ਫੀਸਾਂ ਦੇਣ ਤੋਂ ਵੀ ਔਖੇ ਹਨ। ਸੰਨ 2002-04 ਦੀ ਗੱਲ ਹੈ। ਪਾਤਸ਼ਾਹ ਨੇ ਸੋਝੀ ਅਤੇ ਹਿੰਮਤ ਦਿਤੀ। ਅਜਿਹੀ ਗਰੀਬੀ ਅਤੇ ਹਾਲਾਤੀ ਮਜ਼ਬੂਰੀ ਵਿੱਚ ਜਕੜੇ ਬੱਚਿਆਂ ਦੀ ਲਿਸਟ ਦੂਸਰੀ ਜਮਾਤ ਤੋਂ ਦਸਵੀਂ ਤੱਕ ਤਿਆਰ ਕੀਤੀ। ਇਸ ਵਿੱਚੋਂ ਤਕਰੀਬਨ ਦਸ ਗਿਆਰਾਂ ਬੱਚੇ ਐਡੀਂਟੀਫਾਈ ਕਰ ਲਏ। ਕੁਝ ਹਿੱਸਾ ਸਕੂਲ ਵੱਲੋਂ ਮੁਆਫ ਅਤੇ ਬਾਕੀ ਹਿੱਸਾ ਦਾਸ ਨੇ ਆਪਣੀ ਝੋਲੀ ਪੁਆਇਆ। ਫਰਜ਼ ਆਰੰਭ ਹੋ ਗਿਆ। ਇਸ ਸਕੂਲ ਦਾ ਨਾਮ ਸ੍ਰੀ ਗੁਰੂ ਸਿੰਘ ਸਭਾ ਸੀਨੀਅਰ ਸੈਕੰਡਰੀ ਸਕੂਲ ਲੁਧਿਆਣਾ ਹੈ। ਇਸ ਸਮੇਂ ਇਸ ਸਕੂਲ ਦੇ 16 ਬੱਚੇ, ਤਲੀਮ ਲੈਣ ਪ੍ਰਤਿ (ਕਿਤਾਬਾਂ, ਵਰਦੀਆਂ, ਹੋਰ ਫੀਸ ਮੱਦਦ ਆਦਿ ਲਈ) ਤਿਲਫੁਲ ਸੇਵਾ ਪ੍ਰਾਪਤ ਕਰ ਰਹੇ ਹਨ।

ਇਹ ਕ੍ਰਿਪਾ ਪ੍ਰਮਾਤਮਾ ਜੀ ਆਪ ਹੀ ਕਰਦੇ ਹਨ। ਬੰਦਾਂ ਆਪੋਂ ਕੁਝ ਨਹੀਂ ਕਰ ਸਕਦਾ। ਇਹਨਾਂ ਫਰਜ਼ਾਂ ਵਿੱਚ ਵਾਧਾ ਹੋਣਾ ਆਰੰਭ ਹੋਇਆ। ਨਨਕਾਣਾ ਸਾਹਿਬ ਦੀ ਯਾਤਰਾ ਸਮੇਂ ਪ੍ਰਿੰਸੀਪਲ ਜਨਾਬ ਅਫਜ਼ਲ ਸਾਹਿਬ ਨਾਲ ਮੁਲਾਕਾਤ ਹੋਈ। ਇੱਕ ਬੱਚੀ (ਮੁਸਲਮਾਨ) ਉਸਦਾ ਪਿਤਾ ਐਕਸੀਡੈਂਟਲ ਮੌਤ ਦਾ ਸ਼ਿਕਾਰ ਹੋਇਆ। ਪਰਿਵਾਰਿਕ ਗਰੀਬੀ ਕਾਰਨ ਇਹ ਬੱਚੀ ਵੀ ਸੇਵਾ-ਫਰਜ਼ ਦੇ ਦਾਇਰੇ ਵਿੱਚ ਆਈ ਅਤੇ ਉਨ੍ਹਾਂ ਪਾਸ ਹੋਰ 15 ਵਿਦਿਆਰਥੀ (ਸਿੱਖ ਅਤੇ ਮੁਸਲਮ) ਦੀ ਮੱਦਦ ਦਾ ਫਰਜ਼ ਨਿਭਾ ਰਹੇ ਹਾਂ ਜੋ ਕਿ ਪਾਤਸ਼ਾਹਿ ਜੀ ਦੀ ਵਡਿਆਈ ਹੈ ਅਤੇ ਸੰਗਤੀ ਸੇਵਾ ਹੈ।

ਇਸੀ ਤਰ੍ਹਾਂ ਲੁਧਿਆਣਾ ਵਿਖੇ ਵਿਸ਼ਵਕਰਮਾ ਸਕੂਲ ਭਗਵਾਨ ਨਗਰ ਇਕ ਬੱਚੀ ਜਿਸਦਾ ਨਾਮ ਮਮਤਾ ਸੀ, ਸੰਨ 2008 ਦੇ ਕਰੀਬ ਉਸਦੇ ਪਿਤਾ ਦੀ ਮੌਤ ਹੋ ਗਈ। ਫੀਸ ਦੇਣ ਤੋਂ ਅਸਮਰਥ ਸੀ। ਉਸਦੀ ਮੱਦਦ ਲਈ ਦਾਸ ਜਦੋਂ ਸਕੂਲ ਪਹੁੰਚਿਆ ਤਾਂ ਉੱਥੇ 14-15 ਬੱਚੇ ਹੋਰ ਅਤਿ ਦੀ ਲੋੜਵੰਦੀ, ਮਜ਼ਬੂਰੀ ਹਾਲਤ ਵਾਲੇ ਸਨ। ਉਹ ਵੀ ਦਾਸ ਦੇ ਫਰਜ਼ ਨਿਭਾਉਣ ਦੇ ਦਾਇਰੇ ਵਿੱਚ ਸ਼ਾਮਿਲ ਹੋ ਗਏ ਅਤੇ ਹੁਣ ਤੱਕ ਇਹ ਕਾਰਜ਼ ਵਾਹਿਗੁਰੂ ਆਪਣੀ ਸਮਰਥਾ ਬਖਸ਼ਕੇ ਕਰਵਾ ਰਹੇ ਹਨ।

ਇਕ ਕੀਰਤਨੀ ਅਤੇ ਗੁਰੂ ਘਰ ਦੀ ਸੇਵਾ ਕਰਨ ਵਾਲੇ ਪਰਿਵਾਰ ਦੇ ਆਮਦਨ ਸਾਧਨ ਸੀਮਤ ਹੋ ਗਏ। ਇੱਕ ਹੋਰ ਪਰਿਵਾਰ ਵਿੱਚ ਕਮਾਈ ਕਰਨ ਵਾਲੇ ਗੁਰਮੁਖ ਪਿਆਰੇ ਦੀ ਅੱਖਾਂ ਦੀ ਜੋਤ ਸਦਾ ਲਈ ਚਲੀ ਗਈ। ਵੱਖ ਵੱਖ ਸਕੂਲਾਂ ਦੀਆਂ ਦਾਸਤਾਨ ਹਨ। ਪ੍ਰਿੰਸੀਪਲ ਰਜਿੰਦਰ ਕੌਰ ਨੂੰ ਬੇਨਤੀ ਕੀਤੀ ਕਿ ਇਹ ਬੱਚੀ ਦੀ ਫੀਸ ਤੁਸੀਂ ਮੁਆਫ ਕਰ ਦਿਓ। ਉਸ ਬਦਲੇ ਅਸੀਂ ਇਕ ਹੋਰ ਲੋੜਵੰਦ ਬੱਚੀ ਦੀ ਫੀਸ ਤੁਹਾਨੂੰ ਦੇ ਦੇਵਾਂਗੇ। ਇਸ ਤਰ੍ਹਾਂ ਦੋ ਬੱਚੀਆਂ ਦਾ ਭਲਾ ਹੋ ਜਾਵੇਗਾ। ਕੁਦਰਤ ਦੇ ਰੰਗ। ਇਸ ਗੁਜਰਖਾਨ ਖਾਲਸਾ ਸਕੂਲ ਵਿੱਚ ਇਸ ਵਕਤ 28 ਬੱਚੇ-ਬੱਚੀਆਂ ਦੀ ਤਿਲ-ਫੁਲ ਫਰਜ਼ ਸੇਵਾ ਚਲ ਰਹੀ ਹੈ। ਇਹ ਸਭ ਬੱਚੇ, ਵੱਡੇ ਹੋ ਕੇ ਕੁਝ ਨਾ ਕੁਝ ਜਰੂਰ ਸੇਵਾ ਨੇਕੀ ਦਾ ਫਰਜ਼ ਨਿਭਾਉਣਗੇ।

ਇਹ ਪਾਤਸ਼ਾਹਿ ਜੀ ਦੀ ਮਿਹਰ ਸਕਦਾ ਹੈ। ਹਉਮੈ-ਵਡਿਆਈ ਤੋਂ ਬਚਣਾ ਹੈ ਪਰ ਸੇਵਾ - ਨੇਕੀ-ਫਰਜ਼ਾਂ ਨੂੰ ਮਨੁੱਖਤਾ ਦੀ ਸੇਵਾ ਪ੍ਰਤਿ ਲਾਉਣਾ ਹੈ ਭਾਵੇਂ ਤਾਲੀਮ ਪ੍ਰਾਪਤ ਕਰਨ ਵਾਲਾ ਬੱਚਾ ਕਿਸੇ ਵੀ ਮਜ਼ਹਬ ਨਾਲ ਸਬੰਧਿਤ ਹੋਵੇ। ਪਰ ਹੈ ਤਾਂ ਉਹ ਇਕੋ ਪ੍ਰਮਾਤਮਾ ਦੀ ਜੋਤ।

ਬਾਕੀ ਪੰਨਾ 21 'ਤੇ..........

## ਸਾਊਦੀ ਅਰਬ ਦੇ ਛੇਵੇਂ ਬਾਦਸ਼ਾਹ ਅਬਦੁੱਲਾਹ ਇਬਨ ਅਬਦੁਲ ਅਜ਼ੀਜ਼ ਅਲ ਸਾਊਦ ਬਾਰੇ ਕੁਝ ਰੌਚਿਕ ਤੱਥ!

ਬਲਬੀਰ ਸਿੰਘ ਸੈਣੀ
ਨੰਗਲ



ਸ਼੍ਰੀ ਅਬਦੁਲ ਅਜ਼ੀਜ਼ ਇਬਨ ਸਾਊਦ ਨੇ ਸਾਊਦ ਅਰਬ ਦੀ ਸਥਾਪਨਾ ਕੀਤੀ ਸੀ। ਉਹ 22 ਸਤੰਬਰ 1932 ਨੂੰ ਸਾਊਦ ਅਰਬ ਦੇ ਪਹਿਲੇ ਬਾਦਸ਼ਾਹ ਬਣ ਕੇ ਗੱਦੀ ਤੇ ਬੈਠੇ ਸਨ। ਉਨਹਾਂ ਦੇ, ਉਨਹਾਂ ਨਾਲ ਵਿਆਹੀਆਂ ਔਰਤਾਂ ਤੋਂ 43 ਬੇਟੇ-ਬੇਟੀਆਂ ਸਨ। ਹੁਣ ਤਕ ਸਾਊਦੀ ਅਰਬ ਦੇ ਸਾਰੇ ਦੇ ਸਾਰੇ ਹੀ ਬਾਦਸ਼ਾਹ ਅਬਦੁਲ ਅਜ਼ੀਜ਼ ਇਬਨ ਦੇ ਹੀ ਵੱਡੇ-ਛੋਟੇ ਪੁੱਤਰ ਰਾਜ-ਭਾਗ ਦੇ ਮਾਲਕ ਰਹੇ ਹਨ।

ਸਾਊਦੀ ਅਰਬ ਦੇ ਇਨਹਾਂ ਬਾਦਸ਼ਾਹਾਂ 'ਚੋਂ ਛੇਵਾਂ ਬਾਦਸ਼ਾਹ ਅਬਦੁੱਲਾਹ ਇਬਨ ਅਬਦੁਲ ਅਜ਼ੀਜ਼ ਅਲ ਸਾਊਦ ਜੋ 2005 ਵਿਚ ਗੱਦੀ ਤੇ ਬੈਠਿਆ ਸੀ, ਪਹਿਲੇ ਬਾਦਸ਼ਾਹ ਅਬਦੁਲ ਅਜ਼ੀਜ਼ ਇਬਨ ਦੇ 43 ਬੇਟੇ-ਬੇਟੀਆਂ ਵਿੱਚੋਂ ਦਸਵੇਂ ਨੰਬਰ ਦਾ ਬੇਟਾ ਸੀ। 1961 ਵਿਚ ਉਹਨਾਂ ਨੂੰ 'ਮੱਕੇ' ਦਾ ਮੇਅਰ ਬਣਾਇਆ ਗਿਆ ਸੀ ਤੇ 1962 ਵਿਚ ਸਾਊਦੀ ਅਰਬ ਨੈਸ਼ਨਲ ਗਾਰਡ ਦਾ ਕਮਾਂਡਰ। 1975 ਵਿਚ ਉਹਨਾਂ ਨੂੰ, ਉਹਨਾਂ ਦੇ ਮਤਰੇਏ ਭਰਾ ਬਾਦਸ਼ਾਹ ਫਾਹਦ ਨੇ ਡਿਪਟੀ ਪ੍ਰਧਾਨ ਮੰਤਰੀ ਬਣਾਇਆ ਤੇ ਇੰਜ ਸੰਕੇਤ ਦੇ ਦਿੱਤਾ ਕਿ ਉਸ ਤੋਂ ਬਾਦ ਉਹ ਰਾਜ-ਭਾਗ ਦਾ ਅਧਿਕਾਰੀ ਹੋਵੇਗਾ।

ਬਾਦਸ਼ਾਹ ਅਬਦੁੱਲਾਹ ਇਬਨ ਆਪਣੇ ਮਤਰੇਏ ਭਰਾ ਫਾਹਦ ਦੇ ਮਰਨ ਤੋਂ ਬਾਦ ਅਗਸਤ-2005 ਵਿਚ ਗੱਦੀ ਤੇ ਬੈਠੇ। ਉਨਹਾਂ ਨੇ ਤੀਹ ਤੋਂ ਵਧ ਵਿਆਹ ਕਰਵਾਏ ਅਤੇ ਉਨਹਾਂ ਦੇ ਵੀ 40 ਦੇ ਕਰੀਬ ਬੱਚੇ ਹਨ। ਉਨਹਾਂ ਦੇ ਸਭ ਤੋਂ ਵੱਡੇ ਬੇਟੇ ਦਾ ਨਾਮ ਖਾਲਿਦ ਹੈ ਅਤੇ ਸਭ ਤੋਂ ਛੋਟਾ ਬੇਟਾ 'ਬਦਰ. 2003 ਵਿਚ ਪੈਦਾ ਹੋਇਆ ਜਦੋਂ ਬਾਦਸ਼ਾਹ ਅਬਦੁੱਲਾਹ ਦੀ ਉਮਰ 79 ਸਾਲ ਦੀ ਸੀ। ਬਾਦਸ਼ਾਹ ਅਬਦੁੱਲਾਹ ਪਹਿਲਾ ਬਾਦਸ਼ਾਹ ਸੀ, ਜਿਨਹਾਂ ਦੇ ਹੁੰਦਿਆਂ ਥਾਪੇ ਗਏ ਉਨਹਾਂ ਦੇ ਦੋ ਉਤਰਾਧਿਕਾਰੀ ਭਰਾ, ਉਨਹਾਂ ਦੇ ਰਾਜ-ਕਾਲ ਦੌਰਾਨ ਹੀ ਕੁਦਰਤੀ ਮੌਤ ਮਰ ਗਏ।

ਬਾਦਸ਼ਾਹ ਅਬਦੁੱਲਾਹ ਇਬਨ ਨੇ ਬਾਦਸ਼ਾਹ ਬਣਨ ਤੋਂ ਬਾਦ ਕਈ ਕਰਾਂਤੀਕਾਰੀ ਕਦਮ ਚੁੱਕੇ, ਜਿਸ ਕਰ ਕੇ ਲੋਕਾਂ ਵਿਚ ਉਸ ਦੀ ਹਰਮਨਪਿਆਰਤਾ ਬਹੁਤ ਵਧ ਅਰਬ ਦੀਆਂ ਔਰਤਾਂ ਨੂੰ ਨਾ ਤਾਂ ਵੋਟ ਦੇਣ ਦਾ ਅਧਿਕਾਰ ਸੀ ਤੇ ਨਾ ਹੀ ਦੇਸ਼ ਤੋਂ ਬਾਹਰ ਖੇਡਾਂ ਵਿਚ ਹਿੱਸਾ ਲੈਣ ਦਾ। ਬਾਦਸ਼ਾਹ ਅਬਦੁੱਲਾਹ ਨੇ ਔਰਤਾਂ ਨੂੰ ਵੋਟ ਪਾਉਣ ਦਾ ਅਤੇ ਉਲੰਪਕ ਖੇਡਾਂ ਤਕ ਖੇਡਾਂ ਵਿਚ ਹਿੱਸਾ ਲੈਣ ਦਾ ਅਧਿਕਾਰ ਦਿੱਤਾ। ਸਾਊਦੀ ਵਿਦਿਆਰਥੀਆਂ ਲਈ ਵਿਦੇਸ਼ਾ ਵਿਚ ਪੜ੍ਹਾਈ ਕਰਨ ਦੀ ਨਾ ਕੇਵਲ ਮੰਜ਼ੂਰੀ ਦਿੱਤੀ ਸਗੋਂ ਕਿਸੇ ਵੀ ਦੇਸ਼ ਵਿਚ ਪੜ੍ਹਨ ਅਤੇ ਰਹਿਣ ਲਈ ਵਾਰ ਸਾਲਾਂ ਤਕ ਸਾਰੇ ਦਾਸਾਰਾ ਖਰਚਾ ਸਰਕਾਰੀ ਖਜ਼ਾਨੇ ਤੋਂ ਦੇਣ ਦਾ ਹੁਕਮ ਲਾਗੂ ਕੀਤਾ। ਮੁੱਲਾਂ-ਮੁਲਾਣਿਆਂ ਦੇ ਜਬਰਦਸਤ ਵਿਰੋਧ ਦੇ ਬਾਵਜੂਦ, ਬਾਦਸ਼ਾਹ ਅਬਦੁੱਲਾਹ ਨੇ ਪਹਿਲੀ ਕੋ-ਐਜੂਕੇਸ਼ਨ ਯੂਨੀਵਰਸਿਟੀ "ਕਿੰਗ ਅਬਦੁੱਲਾਹ ਕੋ-ਐਜੂਕੇਸ਼ਨ ਯੂਨੀਵਰਸਿਟੀ ਆਫ ਸਾਇੰਸ ਤੇ ਤਕਨੋਲੋਜੀ" ਦੀ ਸਥਾਪਨਾ ਕੀਤੀ। ਮੁੱਲਾਂ-ਮੁਲਾਣਿਆਂ ਨੂੰ ਕਾਬੂ ਵਿਚ ਕਰਨ ਲਈ ਤੇ ਨਿਤ-ਪ੍ਰਤੀ ਦੇ ਫਤਵਿਆਂ ਤੇ ਪੂਰੀ ਤਰ੍ਹਾਂ ਅੰਕੁਸ਼ ਲਾਉਣ ਲਈ ਹੁਕਮ ਜਾਰੀ ਕੀਤਾ ਕਿ ਸਰਕਾਰ ਦਾ ਮੰਜੂਰ-ਸ਼ੁਦਾ ਮੌਲਵੀ ਹੀ ਫਤਵਾ ਜਾਰੀ ਕਰ ਸਕਦਾ ਹੈ।

ਬਾਦਸ਼ਾਹ ਅਬਦੁੱਲਾਹ ਨੇ ਆਪਣੇ ਦੇਸ਼ ਵਿਚ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਵਿਚ ਸਮੇਂ ਸਮੇਂ ਆਈਆਂ ਕੁਦਰਤੀ ਆਫ਼ਤਾਂ ਸਮੇਂ ਖੁਲ ਕੇ ਮਦਦ ਕੀਤੀ ਜਿਸ ਨਾਲ ਸੰਸਾਰ ਪੱਧਰ ਤੇ ਉਨਹਾਂ ਦੀ ਬਾਦਸ਼ਾਹਤ ਨੂੰ ਭਰਵੀਂ ਮਾਨਤਾ ਮਿਲੀ। ਅਮਰੀਕਾ ਵਿਚ ਤੂਫਾਨ ਕਰਟੀਨਾ ਸਮੇਂ ਮਚੀ ਤਬਾਹੀ ਉਪਰੰਤ ਸਕੂਲਾਂ ਦੀ ਫੇਰ ਤੋਂ ਉਸਾਰੀ ਲਈ ਤਿੰਨ ਲੱਖ ਡਾਲਰ ਦਿੱਤੇ। ਯੂ.ਐਨ.ਓ. ਦੇ ਵਰਲਡ ਫੂਡ ਪ੍ਰੋਗਰਾਮ ਨੂੰ ਸਹੀ ਦਿਸ਼ਾ ਦੇਣ ਲਈ ਤੇ ਇਸ ਦੀ ਸੰਪੂਰਨਤਾ ਲਈ ਯੂ.ਐਨ.ਓ. ਨੂੰ 2008 ਵਿਚ 50 ਕਰੋੜ ਡਾਲਰ ਦੀ ਰਾਸ਼ੀ ਦਾਨ ਵਜੋਂ ਦਿੱਤੇ। 2008 ਵਿਚ ਹੀ ਚੀਨ ਵਿਚ ਆਏ ਸਦੀ ਦੇ ਸਭ ਤੋਂ ਭਿਆਨਕ ਭੂਚਾਲ ਸਮੇਂ ਭੂਚਾਲ-ਪੀੜਤਾਂ ਲਈ ਛੇ ਕਰੋੜ ਡਾਲਰ ਦਾਨ ਵਜੋਂ ਦਿੱਤੇ। ਤਾਂਕਿ ਉਸ ਨੂੰ ਤਾ-ਉਮਰ ਸਹਾਰੇ ਦੀ ਲੋੜ ਨਾ ਪਵੇ, ਬਾਦਸ਼ਾਹ ਅਬਦੁੱਲਾਹ ਨੇ ਆਪਣੇ ਨਾਂ ਨਾਲ ਸ਼ੁਰੂ ਕੀਤੀ "ਕੋ-ਐਜੂਕੇਸ਼ਨ ਕਿੰਗ ਅਬਦੁੱਲਾਹ ਯੂਨੀਵਰਸਿਟੀ" ਨੂੰ ਇਕ ਅਰਬ ਡਾਲਰ ਦੀ ਰਾਸ਼ੀ "ਫਿਕਸ-ਡਿਪਾਜ਼ਿਟ" ਦੇ ਕੇ ਮਾਲੋ-ਮਾਲ ਕੀਤਾ।

ਅਗਾਂਹ-ਵਧੂ ਸੋਚ ਦੇ ਮਾਲਕ ਬਾਦਸ਼ਾਹ ਅਬਦੁੱਲਾਹ 23 ਜਨਵਰੀ, 2015 ਨੂੰ ਇਸ ਫਾਨੀ ਸੰਸਾਰ ਤੋਂ ਵਿਦਾਈ ਲੈ ਗਏ। ਹੁਣ ਸਤਵੇਂ ਬਾਦਸ਼ਾਹ ਦੇ ਰੂਪ ਵਿਚ ਬਾਦਸ਼ਾਹ ਅਬਦੁਲ ਅਜ਼ੀਜ਼ ਇਬਨ ਸਾਊਦ ਦਾ ਹੀ ਬੇਟਾ ਅਤੇ ਬਾਦਸ਼ਾਹ ਅਬਦੁੱਲਸ਼ਾਹ ਇਬਨ ਦਾ ਤਮਰੇਆਂ ਭਰਾ ਸਨਮਾਨ ਇਬਨ ਅਬਦੁਲ ਅਜ਼ੀਜ਼ ਗੱਦੀ-ਨਸ਼ੀਨ ਹੈ।

( ਹਵਾਲੇ ਇਮਦਾਦ-ਲੇਖ-ਸ: ਬਲਰਾਜ ਸਿੰਘ ਸਿੱਧੂ)

---

........ਪੰਨਾ 20 ਦੀ ਬਾਕੀ

ਬਹੁਤ ਸੰਸਥਾਵਾਂ ਅਜਿਹੇ ਫਰਜ਼ ਨਿਭਾਅ ਰਹੀਆਂ ਹਨ। ਗੁਰੂ ਕ੍ਰਿਪਾ ਨਾਲ ਐਸੇ ਗੁਰਮੁਖ, ਰੱਬੀ ਡਰ ਰੱਖਣ ਵਾਲੇ ਪਰਿਵਾਰ ਹੋਰ ਬਹੁਤ ਹਨ, ਜਿਨ੍ਹਾਂ ਪਾਸ ਬੇਅੰਤ ਲੋੜਵੰਦ ਬੱਚਿਆਂ ਦੀ ਸੇਵਾ ਕਰਨ ਲਈ ਮਾਇਕ ਸਮਰਥਾ ਹੈ, ਉਨ੍ਹਾਂ ਸੱਜਣਾਂ ਨੂੰ ਆਪਣੇ ਹੀ ਇਲਾਕੇ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਲੱਭਕੇ ਜਾਂਚ ਕਰਕੇ ਹੀ ਸੱਚੀ, ਸਮਾਜਿਕ / ਨੈਤਿਕ ਸੇਵਾ ਕਰਨੀ ਚਾਹੀਦੀ ਹੈ ਅਤੇ ਗੁਰੂ ਸਾਹਿਬ ਜੀ ਦੀ ਆਸ਼ੀਰਵਾਦ ਦੇ ਪਾਤਰ ਬਨਣ ਵਿੱਚ ਪਹਿਲ ਕਦਮੀ ਕਰਨੀ ਚਾਹੀਦੀ ਹੈ। ਕੁਝ ਨਾ ਕੁਝ ਲੋੜਵੰਦ ਗਰੀਬ ਬੱਚਿਆਂ ਦਾ ਭਵਿੱਖ, ਤੁਸੀਂ ਵੀ ਉਜਲਾ ਬਣਾ ਸਕਦੇ ਹੋ।

# ਦੱਸੋ ! ਧੀ ਕਿੱਥੇ ਜਾਵੇ ?

ਇੰਜ. ਜਸਵੰਤ ਸਿੰਘ



ਅੱਜ ਤੱਕ ਸਾਡਾ ਸਮਾਜ ਪੁਰਸ਼ ਪ੍ਰਧਾਨ ਰਿਹਾ ਹੈ ਅਤੇ ਇਸ ਦੀ ਪ੍ਰਧਾਨਗੀ ਨੂੰ ਅੱਜ ਵੀ ਕੋਈ ਸੱਟ ਨਹੀ ਮਾਰ ਰਿਹਾ,ਬਲਕਿ ਸਵਾਲ ਤਾਂ ਇਹ ਹੈ ਕਿ ਧੀ ਦੀ ਹੋਂਦ ਨੂੰ ਸੱਟ ਮਾਰਨ 'ਤੇ ਸਮਾਜ ਕਿਉਂ ਤੁਲਿਆ ਹੋਇਆ ਹੈ। ਸਮਾਜ ਦੀ ਆਪਣੀ ਹੋਂਦ ਮਰਦ ਅਤੇ ਔਰਤ ਦੇ ਆਪਸੀ ਰਿਸ਼ਤੇ ਤੇ ਅਧਾਰਤ ਹੈ। ਇਸ ਰਿਸ਼ਤੇ ਨੂੰ ਸਦੀਵੀ ਬਣਾਈ ਰੱਖਣ ਲਈ ਧੀ ਅਤੇ ਪੁੱਤਰ ਦੋਂਨਾਂ ਦਾ ਹੋਣਾ ਜ਼ਰੂਰੀ ਹੈ। ਔਰਤ ਦੇ ਜੀਵਨ ਦਾ ਸਫ਼ਰ ਧੀ ਤੋਂ ਹੀ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਜਗਜਨਨੀ ਹੋਣ ਦਾ ਮਾਣ ਪ੍ਰਾਪਤ ਹੈ, ਫਿਰ ਵੀ ਧੀ ਨੂੰ ਮਾਂ ਦੀ ਕੁੱਖ ਵਿੱਚ ਖ਼ਤਮ ਕਰ ਦਿੱਤਾ ਜਾਂਦਾ ਹੈ। ਜੇ ਧੀ ਨੂੰ ਜਨਮ ਮਿਲਦਾ ਤਾਂ ਸਮਾਜਿਕ ਰੀਤੀ ਅਨੁਸਾਰ ਜਵਾਨ ਹੁੰਦਿਆਂ ਹੀ ਮਾਂ ਬਾਪ ਦਾ ਘਰ ਛੱਡਣਾ ਪੈਂਦਾ ਹੈ ਅਤੇ ਉਹ ਸੌਹਰੇ ਘਰ ਵਸਦੀ ਹੈ,ਪਰ ਮਾਨਸਿਕ ਤੌਰ 'ਤੇ ਧੀ ਆਪਣੇ ਆਪ ਨੂੰ ਮਾਂ-ਬਾਪ ਤੋਂ ਜੁਦਾ ਨਹੀ ਕਰ ਸਕਦੀ। ਧੀ ਸੌਹਰੇ ਘਰ ਨਿਮਰਤਾ ਦਾ ਚੋਲਾ ਪਾ ਕੇ ਸਾਰੇ ਪਰਿਵਾਰ ਦੀ ਸੇਵਾ ਕਰਦੀ ਹੈ।ਪਰ ਕੁੱਝ ਘਟਨਾਵਾਂ ਐਸੀਆਂ ਵੀ ਦੇਖਣ ਨੂੰ ਮਿਲਦੀਆਂ ਹਨ ਕਿ ਦਾਜ-ਦਹੇਜ ਲੈਣ ਦੇ ਲੋਭੀ ਘਰਾਨੇ ਕਿਸੇ-ਨ-ਕਿਸੇ ਬਹਾਨੇ ਲੜਕੀ ਤੇ ਝੂਠੇ ਇਲਜ਼ਾਮ ਲਗਾ ਕੇ ਤਲਾਕ ਦੇ ਛੱਡਦੇ ਹਨ, ਜਾਂ ਫਿਰ ਲੜਕੀ ਨੂੰ ਜਲਾ ਕੇ ਜਾਂ ਕੁੱਟ-ਮਾਰ ਕੇ ਮੌਤ ਦੇ ਹਵਾਲੇ ਕਰ ਦਿੱਤਾ ਜਾਦਾ ਹੈ। ਇਸ ਪ੍ਰਕਾਰ ਦੀਆਂ ਘਟਨਾਵਾਂ ਨੇ ਹਰ ਧੀ ਦੀ ਕੋਮਲ ਆਵਾਜ਼ ਨੂੰ ਇੱਕ ਦਰਦਨਾਕ ਸਵਾਲ ਵਿੱਚ ਬਦਲ ਦਿੱਤਾ ਹੈ ਕਿ:

ਮਾਪਿਆਂ ਦੇ ਘਰ ਧੀ ਬੇਗਾਨੀ-ਘਰ ਸੌਹਰੇ ਪੈਰ ਟਿਕਾਵੇ।
ਜੇ ਸੌਹਰੇ ਘਰ ਤਸੀਹੇ ਝੱਲਣੇ-ਦੱਸੋ !ਧੀ ਕਿੱਥੇ ਜਾਵੇ।

ਇਨ੍ਹਾਂ ਦੋ ਸਤਰਾਂ ਵਿੱਚ ਜੁੜ ਬੈਠਾ ਇੱਕ-ਇੱਕ ਸ਼ਬਦ,ਇੱਕ ਐਸਾ ਸਵਾਲ ਹੈ ਜਿਸ ਦਾ ਉੱਤਰ ਸਮਾਜ ਨੂੰ ਦੇਣਾ ਹੀ ਹੋਵੇਗਾ। ਜੇਕਰ ਧੀ ਜਨਮ ਲੈਣ ਤੋ ਪਹਿਲਾਂ ਹੀ ਮਾਂ ਦੀ ਕੁੱਖ ਵਿੱਚ ਭਰੂਣ-ਹੱਤਿਆ ਦਾ ਸ਼ਿਕਾਰ ਹੁੰਦੀ ਰਹੀ ਅਤੇ ਜਨਮ ਲੈਣ ਤੋਂ ਬਾਅਦ ਉਸਦੀ ਜਵਾਨੀ ਵੀ ਤਸੀਹੇ ਝੱਲਦੀ ਹੋਈ ਸੜਦੀ-ਮਰਦੀ ਰਹੀ ਤਾਂ ਔਰਤਾਂ ਦੀ ਸੰਖਿਆ ਮਰਦਾਂ ਦੇ ਮੁਕਾਬਲੇ ਕਾਫੀ ਘੱਟ ਜਾਵੇਗੀ ਜਿਸ ਦੇ ਫਲਸਰੂਪ ਸਮਾਜਿਕ ਸੰਤੁਲਨ ਛਿੰਨ-ਭਿੰਨ ਹੋ ਜਾਵੇਗਾ ਅਤੇ ਸਮਾਜ ਅਨੇਕਾਂ ਸਮਾਜਿਕ ਸ਼ਰਮਨਾਕ ਸਮੱਸਿਆਵਾਂ ਵਿੱਚ ਉਲਝ ਜਾਵੇਗਾ।

ਗੁਰਮਤਿ ਫ਼ਿਲਾਸਫੀ ਅਨੁਸਾਰ ਮਾਤਾ-ਪਿਤਾ, ਇਸਤਰੀ, ਪੁੱਤਰ, ਮਿੱਤਰ ਅਤੇ ਭਾਈ ਆਦਿ ਸਭ ਸਾਕ-ਅੰਗ ਪਿੱਛਲੇ ਜਨਮਾਂ ਦੇ ਸੰਜੋਗ ਕਰਕੇ ਹੀ ਮਿਲਦੇ ਹਨ। ਗੁਰੁ ਅਰਜਨ ਦੇਵ ਜੀ ਇਲਾਹੀ ਬਾਣੀ ਵਿੱਚ ਫ਼ੁਰਮਾਉਂਦੇ ਹਨ ਕਿ:

ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ।
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ।।
(ਪੰਨਾ-700)

ਧੀ ਜਾਂ ਪੁੱਤਰ ਹੋਣਾ, ਇਹ ਪ੍ਰਮਾਤਮਾ ਦੀ ਦੇਣ ਹੈ ਅਤੇ ਇਸ ਵਿੱਚ ਮਨੁੱਖ ਦਾ ਆਪਣੇ ਵੱਲੋਂ ਦਖਲ ਦੇਣਾ, ਕੁਦਰਤ ਦਾ ਕੇਵਲ ਵਿਰੋਧ ਹੀ ਨਹੀ ਸਗੋਂ ਇੱਕ ਘੋਰ ਅਪਰਾਧ ਵੀ ਹੈ। ਪੁੱਤਰ, ਮਾਂ-ਬਾਪ ਦੀ ਜਾਇਦਾਦ ਵੰਡਦੇ ਹਨ ਜਦੋਂਕਿ ਧੀਆਂ ਮਾਂ-ਬਾਪ ਦਾ ਦੁੱਖ ਵੰਡਦੀਆਂ ਹਨ। ਫਿਰ ਵੀ ਸਾਡੇ ਸਮਾਜ ਵਿੱਚ ਲੜਕੀ ਦੇ ਜਨਮ ਨੂੰ ਮੰਦੇ ਭਾਗਾਂ ਨਾਲ ਜੋੜਿਆ ਜਾਂਦਾ ਹੈ ਅਤੇ ਧੀ ਦੇ ਜਨਮ 'ਤੇ ਮਾਂ-ਬਾਪ ਨੂੰ ਉਹ ਖੁਸ਼ੀ ਨਹੀ ਹੁੰਦੀ ਜੋ ਲੜਕੇ ਦੇ ਜਨਮ ਤੇ ਮਨਾਈ ਜਾਂਦੀ ਹੈ। ਮਨੁੱਖ ਦੇ ਅਧਿਆਤਮਕ ਜੀਵਨ ਦਾ ਵਿਸ਼ਲੇਸ਼ਨ ਕੀਤਾ ਜਾਵੇ ਤਾਂ ਅਧਿਆਤਮਕ ਮਾਰਗ ਤੇ ਚੱਲਣ ਲਈ ਜੀਵ ਵਿੱਚ ਜਿਨ੍ਹਾਂ ਗੁਣਾਂ ਦੀ ਲੋੜ ਹੈ, ਉਹ ਔਰਤ ਵਿੱਚ ਵਧੇਰੇ ਪਾਏ ਜਾਂਦੇ ਹਨ। ਇਸੇ ਲਈ ਔਰਤ ਨੂੰ ਬਾਣੀ ਵਿੱਚ ਬੱਤੀਹ ਸੁਲੱਖਣੀ ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਕੋਸ਼ ਵਿੱਚ ਇਸਤਰੀ ਦੇ 32 ਗੁਣਾਂ ਬਾਰੇ ਵਿਸਥਾਰ ਨਾਲ ਉਲੇਖ ਕੀਤਾ ਗਿਆ ਹੈ।

ਧੀ ਦੇ ਜੀਵਨ ਦਾ ਆਖਰੀ ਪੜਾਅ ਮਾਂ ਦੇ ਰੂਪ ਵਿੱਚ ਵਿੱਚਰਦਾ ਹੈ ਜਦੋਂ ਉਹ ਬੱਚੇ ਨੂੰ ਜਨਮ ਦਿੰਦੀ ਹੈ। ਧੀ, ਮਾਂ ਦੇ ਰੂਪ ਵਿੱਚ ਆਪਣਾ ਜੀਵਨ ਸਫਰ ਪੂਰਾ ਕਰਕੇ ਸੰਸਾਰ ਨੂੰ ਛੱਡਦੀ ਹੈ ਤਾਂ ਉਸ ਦੀ ਕਾਇਆ ਮਿੱਟੀ ਬਣ ਕੇ ਧਰਤੀ ਵਿੱਚ ਸਮੋ ਜਾਂਦੀ ਹੈ। ਇਸੇ ਕਰਕੇ ਧਰਤੀ ਨੂੰ ਧਰਤੀ ਮਾਂ ਹੋਣ ਦਾ ਮਾਣ ਪ੍ਰਾਪਤ ਹੈ। ਧਰਤੀ-ਮਾਂ ਦੀ ਮਹੱਤਤਾ ਨੂੰ ਬਾਣੀ ਵਿੱਚ ਵੀ ਦਰਸਾਇਆ ਗਿਆ ਹੈ ਕਿ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।" ਜਿਸ ਧੀ ਨੇ ਮਾਂ ਦੇ ਰੂਪ ਵਿੱਚ ਮਾਨਵਤਾ ਨੂੰ ਜਨਮ ਦਿੱਤਾ,ਉਹ ਧੀ ਮਰਨ ਬਾਅਦ ਵੀ ਧਰਤੀ-ਮਾਂ ਦੇ ਰੂਪ ਵਿੱਚ ਸਾਡੇ ਖਾਣ-ਪੀਣ ਅਤੇ ਰਹਿਣ-ਸਹਿਣ ਲਈ ਪਦਾਰਥ ਪੈਦਾ ਕਰਦੀ ਹੈ।ਇਸ ਲਈ ਧੀ ਦਾ ਆਪਣੇ ਜੀਵਨ ਕਾਲ ਵਿੱਚ ਵੱਖ ਵੱਖ ਸਮਾਜਿਕ ਰਿਸ਼ਤਿਆਂ ਅਨੁਸਾਰ ਇੱਕ ਵਿਸ਼ੇਸ਼ ਸਥਾਨ ਹੈ ਜਿਸ ਦੀ ਸਮਾਜ ਨੇ ਸ਼ੁਰੂ ਤੋਂ ਅੰਦੇਖੀ ਕੀਤੀ ਹੈ। ਔਰਤ ਦੇ ਸਮਾਜਿਕ ਜੀਵਨ ਵਿੱਚ ਭਾਵੇਂ ਅੱਜ ਕਾਫ਼ੀ ਬਦਲਾਓ ਆਇਆ ਹੈ, ਫਿਰ ਵੀ ਸਮਾਜ ਵਿੱਚ ਔਰਤਾਂ ਨੂੰ ਯੋਗ ਸਥਾਨ ਦੇਣ ਲਈ ਜਰੂਰੀ ਹੈ ਕਿ ਔਰਤ ਦੀ ਯੋਗਤਾ ਨੂੰ ਹੋਰ ਅਸਰਦਾਰ ਅਤੇ ਸਾਰਥਿਕ ਬਣਾਇਆ ਜਾਵੇ। ਇਸ ਮੰਤਵ ਨੂੰ ਪੂਰਾ ਕਰਨ ਲਈ ਧੀਆਂ ਨੂੰ ਉੱਚੀ ਵਿੱਦਿਆ ਦੇਣ ਦੇ ਨਾਲ ਨਾਲ, ਸਾਰੇ ਬੱਚਿਆਂ ਲਈ ਵਿੱਦਿਆ ਲਾਜ਼ਮੀ ਕਰਨੀ ਜਰੂਰੀ ਹੈ, ਕਿਉਂਕਿ ਇੱਕ ਪੜ੍ਹੀ ਲਿਖੀ ਔਰਤ ਹੀ ਬੱਚਿਆਂ ਦੇ ਜੀਵਨ ਨੂੰ ਸਹੀ ਅਤੇ ਚੰਗੀ ਦਿਸ਼ਾ ਦੇ ਸਕਦੀ ਹੈ। ਐਸਾ ਕਰਕੇ ਹੀ ਅਸੀਂ ਇੱਕ ਨਿੱਗਰ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ ਜੋ ਸਮੇਂ ਦੀ ਲੋੜ ਹੈ ।

ਜੇ ਧੀ ਨਾਂ ਹੁੰਦੀ-ਤਾਂ ਮਾਂ ਨਾਂ ਹੁੰਦੀ ।
ਜੇ ਮਾਂ ਨਾਂ ਹੁੰਦੀ-ਤਾਂ ਠੰਢੀ ਛਾਂ ਨਾਂ ਹੁੰਦੀ।

-ਜਲੰਧਰ

**APPEAL OF A STUDENT**

Respected sir, I am Vikrant Saini, Kindly appeal to Pb. Govt. to include Saini Community in B.C. In Punjab Saini Community is economically and socially backward Please do something about that. You are our last hope.

## BREAST CANCER

Dr. Puneet Saini



**What is Breast Cancer ?**

Breast cancer is an abnormal cancerous growth of cells in the breast. It most often presents as a lump in the breast.

**A. Risk Factors :**

1. Advanced age
2. Obesity
3. Smoking
4.. Excessive alcohol
5. Hormone Replacement Therapy
6. Menstruation at an early age or late menopause.
7. Family history of breast cancer
8. Having no child

**B. SYMPTOMS OF BREAST CANCER :**

1. Lump in breast
2. Dimpling or puckering of breast skin
3. Scaly, red or swollen breast skin.
4. Inward turning of the nipple
5. Abnormal / bloody discharge from the nipple.
6. Unusual persistent pain
7. Swelling or discomfort in the armpit.

**C. TOOLS FOR IDENTIFICATION OF BREAST CANCER AT AN EARLY STAGE.**

**1. Breast self examination :**

It helps in early detection of breast cancer. Should be done at least once in a month. Check your breasts about a week after your period starts. In case you do not have periods, check your breasts monthly on the same day each month (e.g., on your birth date). Contact your healthcare provider if you notice any change.

**2. Feel the Changes :**

Feel the breast tissue in one of the following patterns :

a) Lie down with a pillow under one shoulder and raise the arm on the pillow over your head.

b) Feel your breast using the soft pad of your fingers and not the tips, Start with light pressure and then repeat with moderate pressure and again with very firm pressure.

**3. Look for Changes :**

Stand in front of a mirror and follow these simple steps to look for changes.

a) Arm at sides
b) Hands behind the neck
c) Hands on hips
d) Look for change in the color or texture of skin of the breast and nipple.
e) Look for discharge that is dark or bloody or happens without squeezing your nipple. Discharge that is clear or milky may be normal.

**4. Clinical breast examination :**

The doctor will do a thorough examination of the breast and general health.

**D) DIAGNOSTIC TECHNIQUES :**

1. Magnetic resonance imaging (MRI)
   Used for screening women at high risk. Helps to determine the size of the tumor and identity the other cancers in the breast.
2. Breast Ultrasound :
   Helps distinguish between cysts (fluid-filled sacs) and solid masses and to differentiate between benign and cancerous tumor.
3. Mammogram :
   It is a X-ray of the breast, done for both screening and diagnosing breast cancer. Screening mammograms helps in early identification of breast cancer.
4. Biopsy (it is a confirmatory test)
   A sample of the suspicious area is removed using a thin hollow needle. This tissue is looked at under a microscope, by a pathologist for confirmation and grading of tumor.

**E) LABORATORY TEST WITH BREAST TISSUES**

The breast tissue that is removed during biopsy can be used for special laboratory

tests.

- Hormone receptor testing :
  Some breast cancers have "hormone receptors" for the hormones estrogen or progresterone, or both. These are managed with hormone therapy.
- Human epidermal growth factor receptor type 2 (HER2) testing
  Some types of breast cancer have large amounts of protein called "HER2" which helps them to grow. The HER2 positive breast tumors can be managed with "targeted therapy" against HER2. They can be diagnosed with HER2 tests.

**F. STAGES OF BREAST CANCER :**

a) Early stage breast cancer (stage 1)
Tumor is <2 cms and may or may not have spread to the lymph nodes.
5 year survival rate 88%

b) Locally advanced breast cancer (stage 2)
The tumor size ranges from <2 cms with spread to underarm lymph nodes; or 2-5 cms with or without spread to underarm lymph nodes; or >5 cms without spread to underarm lymph nodes.
5 year survival rate : 74-81%

c) Advanced breast cancer (stage 3)
The tumor size may be >5 cms or of any size and has spread to the underarm lymph nodes and / or lymph nodes behind breastbone or above or below the collar bone; or may be of any size with spread to chest wall or skin of breast
5 year survival rate : 41-67%

d) Mestastic breast cancer (stage 4)
Tumor can be of any size. Cancer has spread to other parts of the body, such as a bones, lungs, liver or brain.
5 year survival rate : 15%

**G. TREATMENT MODALITIES FOR BREAST CANCER**

a) Surgical

- Lumpectomy : Removal of the tumor lump along with a border of normal breast tissue around it.
- Breast conservation surgery : In this, a part of the breast tissue is removed along with the cancerous portion.
- Mastectomy : It involves removal of the whole breast tissue including the nipple area.

b) Radiation therapy :
High-energy rays are used to kill cancer cells. Radiation therapy is generally used after surgery to distroy the remaining cancer cells.

c) Medical

- Chemotherapy : In this, drugs are used to kill the cancer cells. It may be used prior to or subsequent to surgery.
- Hormonal treatment : It is beneficial in cancers having hormone receptors (estrogen, progesterone). The anti hormone medicines prevent the cancer cells from getting or using the natural hormones and thereby prevent their growth.
- Targeted therapy : They are used in women whose breast cancer cells have too much HER2 protein. These drugs block the action of the extra HER2 protein and thereby prevent cancer cell growth. Targeted therapy has less severe side effects and toxicity when compared with standard chemotherapy. Trastuzumbab is the standard of care for HER2 positive breast cancer.

**H. BREAST CANCER PREVENTION TIPS :**

a) Good nutrition :
Reduces the risk of breast cancer. Eat plenty of fruits and vegetables, high fibers containing foods and limit processed and refined grains / flours / sugars.


b) Exerciser :
About 2.5 hours of moderate aerobic activity in a week helps to maintain the weight and thereby reduces risk of breast cancer.

- Warm up by beginning your walk and jogging.
- Cycling & Yoga and meditation

-Courtesy : Emcureonculogy

# ਸੈਣੀ ਕੌਮ ਦੇ ਬਹੁਮੁੱਲੇ ਹੀਰੇ

ਪ੍ਰਿਤਪਾਲ ਸਿੰਘ



## ਦਵਿੰਦਰ ਸਿੰਘ ਜਟਾਣਾ

ਸਿਟੀਜ਼ਨ ਇੰਟੈਗਰੇਸ਼ਨ ਪੀਸ ਸੋਸਾਇਟੀ ਦਿੱਲੀ ਵੱਲੋਂ ਦਵਿੰਦਰ ਸਿੰਘ ਜਟਾਣਾ ਨੂੰ 'ਪਰਾਈਡ ਆਫ ਇੰਡੀਆ' ਐਵਾਰਡ ਨਾਲ ਸਨਮਾਨਿਤ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਸ. ਜਟਾਣਾ ਨੂੰ ਇਹ ਐਵਾਰਡ ਉਹਨਾਂ ਦੀਆਂ ਸਮੁੱਚੇ ਤੌਰ ਤੇ ਦੇਸ਼ ਵਿੱਚ ਵਿੱਦਿਆ, ਖੇਡਾਂ ਅਤੇ ਸਮਾਜਿਕ ਕੰਮਾਂ ਵਿੱਚ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਨਵੀਂ ਦਿੱਲੀ ਵਿੱਚ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਭਾਰਤ ਵਿੱਚ ਨੇਪਾਲ ਦੇ ਰਾਜਦੂਤ ਦੀਪ ਕੁਮਾਰ ਉਪਾਧਿਆਏ ਅਤੇ ਹੋਰ ਅਧਿਕਾਰੀਆਂ ਨੇ ਸਾਂਝੇ ਤੌਰ ਤੇ ਭੇਟ ਕੀਤਾ।

ਰੂਪਨਗਰ ਜ਼ਿਲ੍ਹੇ ਦੇ ਪਿੰਡ ਜਟਾਣਾ 'ਚ 20 ਅਪ੍ਰੈਲ 1951 ਨੂੰ ਮਾਸਟਰ ਪਰਦੁਮਣ ਸਿੰਘ ਘਰ ਜੰਮੇ ਦਵਿੰਦਰ ਸਿੰਘ ਜਟਾਣਾ ਨੇ ਐਮ. ਆਰ. ਕਾਲਜ ਫਾਜ਼ਿਲਕਾ ਤੋਂ ਉਚੇਰੀ ਵਿਦਿਆ ਹਾਸਲ ਕੀਤੀ। ਉਹ ਆਪਣੀ ਬੈਂਕ ਸੇਵਾ ਦੌਰਾਨ 1995 ਤੋਂ 2001 ਤੱਕ ਸਟੇਟ ਬੈਂਕ ਆਫ ਪਟਿਆਲਾ ਦੇ ਬੋਰਡ 'ਤੇ ਡਾਇਰੈਕਟਰ, 1995 ਤੋਂ 2011 ਤੱਕ ਸਟੇਟ ਬੈਂਕ ਆਫ ਪਟਿਆਲਾ ਦੀ ਕੁਲ ਹਿੰਦ ਜਥੇਬੰਦੀ ਦੇ ਪ੍ਰਧਾਨ ਤੇ ਉਸ ਸਮੇਂ ਦੌਰਾਨ ਬੈਂਕ ਦੀਆਂ ਕਲਚਰਲ, ਸਪੋਰਟਸ ਅਤੇ ਵੈਲਫੇਅਰ ਕਮੇਟੀਆਂ ਦੇ ਸਕੱਤਰ ਵਜੋਂ ਲਗਾਤਾਰ 20 ਸਾਲ ਸੇਵਾਵਾਂ ਨਿਭਾਉਂਦੇ ਰਹੇ ਹਨ।



ਸਮਾਜਿਕ ਖੇਤਰਾਂ ਵਿੱਚ ਉਹ ਵਿਸ਼ਵ ਅਮਨ ਕਾਨਫਰੰਸ ਬੈਂਗਲੌਰ ਅਤੇ ਵਿਸ਼ਵ ਪੰਜਾਬੀ ਕਾਨਫਰੰਸ ਬਰੈਮਪਟਨ (ਟੋਰਾਂਟੋ) ਵਿੱਚ ਸ਼ਾਮਲ ਹੋਏ ਅਤੇ ਪ੍ਰੋਡਕਟਿਵਟੀ ਸਬੰਧੀ ਨੈਸ਼ਨਲ ਸੈਮੀਨਾਰ ਵਿੱਚ ਬਤੌਰ ਡੈਲੀਗੇਟ ਸ਼ਿਰਕਤ ਕੀਤੀ। ਜਿੱਥੇ ਇਹ ਲਿਖਾਰੀ ਸਭਾਵਾਂ ਨਾਲ ਜੁੜੇ ਰਹੇ ਹਨ ਉੱਥੇ ਇਨ੍ਹਾਂ ਨੇ 30 ਤੋਂ ਵੱਧ ਵੱਖ-ਵੱਖ ਵਿਸ਼ਿਆਂ 'ਤੇ ਜਾਣਕਾਰੀਆਂ ਭਰਪੂਰ ਲੇਖ ਵੀ ਲਿਖੇ ਹਨ। ਸ. ਜਟਾਣਾ ਮੌਜੂਦਾ ਸਮੇਂ ਵੀ ਰੂਪਨਗਰ ਹਾਕੀ ਅਕੈਡਮੀ ਦੇ ਪ੍ਰਧਾਨ, ਜਿਲਾ ਪੁਲਿਸ ਸਾਂਝ ਕੇਂਦਰ ਦੇ ਮੈਂਬਰ, ਬੈਂਕਾਂ ਦੀ ਰਿਟਾਇਡ ਮੁਲਾਜ਼ਮਾਂ ਦੀ ਜਥੇਬੰਦੀ ਦੇ ਜਨਰਲ ਸਕੱਤਰ ਵਜੋਂ ਵੀ ਸਰਗਰਮੀ ਨਾਲ ਕੰਮ ਕਰ ਰਹੇ ਹਨ। ਆਪ ਅਮਰੀਕਾ, ਕੈਨੇਡਾ, ਮੈਕਸੀਕੋ, ਸਾਊਥ ਕੋਰੀਆ, ਥਾਈਲੈਂਡ, ਹਾਂਗਕਾਂਗ ਆਦਿ ਦੇਸ਼ਾਂ ਦੀ ਯਾਤਰਾ ਵੀ ਕਰ ਚੁੱਕੇ ਹਨ। ਉਹ 1975 ਤੋਂ ਬੇਲਾ ਕਾਲਜ ਨਾਲ ਜੁੜੇ ਹੋਏ ਹਨ ਅਤੇ ਹੁਣ ਬਤੌਰ ਕਾਲਜ ਕਮੇਟੀ ਦੇ ਸਕੱਤਰ ਵੱਜੋਂ ਜ਼ਿੰਮੇਵਾਰੀ ਨਿਭਾ ਰਹੇ ਹਨ। ਉਹਨਾਂ ਨੂੰ 'ਪਰਾਈਡ ਆਫ ਇੰਡੀਆ' ਐਵਾਰਡ ਮਿਲਣ 'ਤੇ ਸੈਣੀ ਭਵਨ ਦੇ ਪ੍ਰਬੰਧਕ ਮਾਣ ਮਹਿਸੂਸ ਕਰਦੇ ਹਨ।

## ਮਾ. ਸੋਹਨ ਲਾਲ ਸੈਣੀ

ਰੂਪਨਗਰ ਜ਼ਿਲ੍ਹੇ ਦੇ ਨੂਰਪੁਰ ਬੇਦੀ ਬਲਾਕ 'ਚ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਸੈਦਪੁਰ ਦੇ ਅਧਿਆਪਕ ਸੋਹਨ ਲਾਲ ਸੈਣੀ ਨੂੰ ਇਸ ਸਾਲ 5 ਸਤੰਬਰ, 2015 ਨੂੰ ਦੇਸ਼ ਦੇ ਰਾਸ਼ਟਰਪਤੀ ਪ੍ਰਨਬ ਮੁਖਰਜੀ ਵੱਲੋਂ ਅਧਿਆਪਕ ਦਿਵਸ 'ਤੇ ਕੌਮੀ ਅਧਿਆਪਕ ਅਵਾਰਡ ਦਾ ਸਨਮਾਨ ਪ੍ਰਾਪਤ ਹੋਇਆ ਹੈ। ਸਾਲ 2014 ਲਈ ਮਨੁੱਖੀ ਸੋਮੇ ਵਿਕਾਸ ਮੰਤਰਾਲੇ ਵੱਲੋਂ ਦੇਸ਼ ਭਰ ਤੋਂ ਚੁਣੇ ਗਏ 300 ਅਧਿਆਪਕਾਂ ਵਿੱਚ ਸੋਹਨ ਲਾਲ ਸੈਣੀ ਦਾ ਨਾਂ ਆਉਣਾ ਇਸ ਅਧਿਆਪਕ ਦੀ ਇੱਕ ਪਿਛੜੇ ਇਲਾਕੇ ਦੇ ਪਿੰਡ ਵਿੱਚ ਸਕੂਲ ਨੂੰ ਆਪਣੀ ਸਮਝਦਾਰੀ ਸਦਕਾ ਸਹੀ ਦਿਸ਼ਾ ਵੱਲ ਲੈ ਜਾਣ ਦਾ ਨਤੀਜਾ ਹੈ। ਇਸੇ ਬਲਾਕ ਦੇ ਪਿੰਡ ਸੈਣੀ ਮਾਜਰਾ ਦੇ ਵਸਨੀਕ ਹੋਣਹਾਰ ਅਧਿਆਪਕ ਸੋਹਨ ਲਾਲ ਸੈਣੀ ਨੂੰ ਪੰਜਾਬ ਸਰਕਾਰ ਵੱਲੋਂ ਵੀ ਸਾਲ 2010 ਵਿੱਚ ਰਾਜ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਸੋਹਨ ਲਾਲ ਸੈਣੀ ਨੇ ਲੋਕਾਂ ਅਤੇ ਸਟਾਫ ਦੇ ਸਹਿਯੋਗ ਨਾਲ ਸਕੂਲ ਦੀ ਇਸ ਕਦਰ ਨੁਹਾਰ ਬਦਲੀ ਹੈ ਕਿ ਸਾਬਕਾ ਡੀ.ਜੀ.ਐਸ.ਈ. ਸ੍ਰੀ ਕ੍ਰਿਸ਼ਨ ਕੁਮਾਰ ਨੇ ਵੀ ਇਸ ਸਕੂਲ ਨੂੰ ਨਮੂਨੇ ਦਾ ਸਕੂਲ ਘੋਸ਼ਿਤ ਕਰਕੇ ਉਸ ਸਮੇਂ ਹੋਰਨਾ ਸਕੂਲਾਂ ਦੇ ਅਧਿਆਪਕਾ ਨੂੰ ਵੀ ਇਸ ਸਕੂਲ ਵਿਚ ਵਿਜ਼ਟ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਅਧਿਆਪਕ ਦੀ ਮਿਹਨਤ ਸਦਕਾ ਸਾਲ 2005 ਤੋਂ ਸਕੂਲ ਦੇ 15 ਬੱਚੇ ਜਵਾਹਰ ਨਵੋਦਿਆ ਵਿਦਿਆਲਿਆ ਲਈ ਚੁਣੇ ਜਾ ਚੁੱਕੇ ਹਨ। ਸਕੂਲ ਦੇ ਬੱਚਿਆਂ ਨੇ ਸੁੰਦਰ ਲਿਖਾਈ, ਲੇਖ ਰਚਨਾਵਾਂ, ਸਭਿਆਚਾਰਕ ਗਤੀਵਿਧੀਆਂ, ਜਨਰਲ ਨਾਲਜ਼ ਦੇ ਵੱਖ ਵੱਖ ਪਧਰਾਂ ਤੇ ਹੋਏ ਮੁਕਾਬਲਿਆਂ ਵਿਚ ਇਨਾਮ ਜਿੱਤ ਕੇ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ। ਸਕੂਲ ਦੇ ਬੱਚਿਆਂ ਨੇ ਪਹਾੜੇ ਸੁਣਾਉਣ ਦੀ ਮੁਹਿੰਮ ਵਿਚ ਪੰਜਾਬ ਪੱਧਰ ਤੇ ਇਨਾਮ ਪ੍ਰਾਪਤ ਕੀਤਾ ਹੈ। ਬੱਚਿਆਂ ਦੀ ਰੁਚੀ ਖੇਡਾਂ 'ਚ ਲਗਾਉਣ ਲਈ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਦੇ ਆਪਣੇ ਅਤੇ ਸਾਥੀ ਅਧਿਆਪਕਾਂ ਦੇ ਬੱਚੇ ਵੀ ਇਸ ਸਕੂਲ ਵਿਚ ਹੀ ਪੜ੍ਹਦੇ ਹਨ, ਇੱਥੋ ਤੱਕ ਕਿ ਪਿੰਡ ਦੇ ਬਾਹਰ ਨੌਕਰੀ ਕਰ ਰਹੇ ਵਸਨੀਕ ਵੀ ਆਪਣੇ ਬੱਚਿਆਂ ਨੂੰ ਆਪਣੇ ਪਿੰਡ ਦੇ ਸਕੂਲ ਵਿਚ ਹੀ ਪੜ੍ਹਾ ਰਹੇ ਹਨ। ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਬਰਾਦਰੀ ਦੇ ਇਸ ਆਦਰਸ਼ ਅਧਿਆਪਕ ਨੂੰ ਕੌਮੀ ਅਧਿਆਪਕ ਅਵਾਰਡ ਮਿਲਣ 'ਤੇ ਮਾਣ ਮਹਿਸੂਸ ਕਰਦੀ ਹੈ ਅਤੇ ਬਹੁਤ ਬਹੁਤ ਵਧਾਈ ਦਿੰਦੀ ਹੈ।




All Birds find shelter during a rain.
But Eagle avoids rain by flying above the Clouds."
- A.P.J Abdul Kalam

## Casual Scholarships to be awarded For the Academic Year 2015-16

1. **Chacha Hakam Singh Mem. Schp.**
   Donor : Sqn. Ldr. Manjit Singh Pabla
   # 2729, Sector 37-C, Chandiarh
   Amount Donated : 3600/-
2. **Gurpreet Singh M Schp. For Handicap.**
   Donor : Sh. Sarvjeet Singh, # 35, Astha Enclave, Sector-4, Mundi Kharar
   Amount donated : 6000/-
3. **S. Amrik Singh Scholarship**
   Donor : S. Amrik Singh (Retd. Asst. Xen.)
   # 21, Ranjit Avenue, Ropar
   Amount Donated : 6000/-
4. **S. Jagir Singh Scholarship**
   Donor : S. Jagir Singh (Retd. Subedar)
   # 561, G.Z.S. Nagar,
   Amount Donated : 2400/-
5. **S. Kartar Singh Nanakpura Mem. Schp.**
   Donor : S. Iqbal Singh
   # 7A, Zorawar Singh Nagar, Ropar
   Amount Donated : 5000/-
6. **Mata Hardial Kaur Mem. Scholarship**
   Donor : S. Iqbal Singh, Ropar
   Amount donated : 5000/-
7. **Nambardar Natha Singh Gahunia Schp**
   Donor : Dr. Mandeep Singh, California
   Amount donated : 18000/-
8. **Mata Harmohan Kaur M. Scholarship**
   Donor : Dr. Mandeep Singh, California
   Amount Donated : 18000/-
9. **S. Karam Singh Tambar Mem. Schp.**
   Donor : Dr. Ajmer Singh, Ropar
   Amount donated : 5000/-
10. **Mata Ram Rakhi Mem. Schp.**
    Donor : S.Rajwinder Singh. Ropar
    Amount Donated : 5000/-
11. **Mata Chanan Kaur Mem. Scholarship**
    Donor : S. Satnam Singh Satti, Ropar
    Amount Donated : 5000/-
12. **Mata Harbans Kaur Mem. Schp.**
    Donor : S. Gursharan Singh
    # 242, Gobind Valley, Ropar
    Amount Donated : 6000/-
13. **S. Tekpal Singh Scholarship**
    Donor : S. Tekpal Singh Saini
    # 204, Prabhu Apartment, Faridabad
    Amount donated : 10700/-
14. **S. Hazara Singh Longia Mem. Schp.**
    Donor : S. Avtar Singh Longia
    # 452, G.Z.S. Nagar, Ropar
    Amount donated : 2500/-
15. **S. Santokh Singh Nanua Mem. Schp.**
    Donor : S. Rajinder Singh Nanua
    # 21, Ranjit Avenue
    Amount donated : 6000/-
16. **Mrs. Navjot Nanua Memorial Schp.**
    Donor : S. Hardeep Singh
    # 29, St. 1, Hargobind Nagar, Ropar
    Amount donated : 5000/-
17. **Mata Joginder Kaur Mem. Schp.**
    Donor : S. Gurmukh Singh Longia
    Preet Nagar, Rupnagar
    Amount Donated : 6000/-
18. **Mata Kartar Kaur / Dr. Sant Singh Mem. Scholarship**
    Donor : Adv. Aminderpreet Singh Bawa
    Amount Donated : 5000/-
19. **Smt. Surjit Parkash Scholarship**
    Donor : S. Gursharan Singh Saini
    # 573, G.Z.S. Nagar, Ropar
    Amount Donated : 5000/-
20. **S. Gurdas Singh Saini Scholarship**
    Donor : S. Gurdas Singh Saini, Ropar
    Amount donated : 5000/-
21. **Sh. L.R. Mundra Scholarship**
    Donor : Sh. L.R. Mundra, Ropar
    Amount donated : 12000/-

21\. **Mata Gurnam Kaur Mem. Scholarship**
    Donor : S. Sukhjinder Singh,
    Director S.A.S. Academy, Ropar
    Amount donated : 10000

## BLACK GOLD (PETROLEUM) FROM SEA



Adv. Baldev Singh
Haveli Kalan

In India, domestic petroleum production had come upto 5-7 million metric tons upto 1970. However by then requirement was around 20 million tons. This situation forced India to put additional focus on exploration and production of oil from sea bed. For this purpose ONGC purchased its own jack-up drill ship named SAGAR SAMRAT from Mitsubishi company of Hiroshima in Japan. It was deployed in Bombay High North in 1974 to drill four oil wells.

SAGAR SAMRAT is a jack-up type drill ship that can be positioned in Sea in water depths up to 250 feet (75 m). It can drill well upto 18,000 feet (5.5 km) and its hook load capacity is 1,100,000 pounds (500 t) The Jack-up legs can be withdrawn, using a gear mechanism, such that the platform can be floated to drilling location. Thereafter the legs of the platform can be lowered again, till they rest on the seabed. The platform then becomes stable and can be raised clear of the water level to start the drilling operation.

To store oil in Bombay High an oil tanker (ship) named Jawahar Lal Nehru was purchased from shipping corporation of India. It has a storage capacity of one lakh metric tons of oil. It has also accommodation for forty persons on its deck. A special mooring (harnessing) arrangement was made to keep this tanker (ship) in Bombay High by the use of Japanese SBM system. This SBM was arround five kilometer away from platform.

Platform is a steel structure like a multi-storey table-topused for activities in offshore. It comprises a 4 to six legs and one to multiple decks on which equipment like compressors, pumps, filters, piping, valves, control room, fire fighting safety system and accommodation for personnel is arranged. To carry oil from PPA platform to Tanker Nehru a subsea (underwater) pipe line was laid on the seabed. The first oil in Tanker was put in May 1974.

The Bombay High Oil field is located around 160 km towards west of Juhu Beach in Mumbai, Maharastra. It takes about an hour to reach the location by helicopter. Alternatively, a journey by boat takes more than twelves hours from Victoria Docks, Mumbai Port. SAGAR SAMRAT and other drilling ship and production platforms have sufficient accommodation for the operating crew. People work in two shifts of twelve hours each. Their stay on ship is for two weeks at a time and are replaced by new crew thereafter. Thus there are two groups working on a rotational basis. There are good arrangements for healthy food of multiple variety, literature for reading as well as other gadget like video for entertainment, gymnasium, games etc. for the off duty personnel.

-Mumbai

### LETTER TO EDITOR

Dear Sir

I have read Saini Sansar Magizne of July - Sept 2015, the magazine is doing a marvellous efforts in spreading awareness through very good articles on various fields . The Chief Editors has very well depicted the precarious financial position of the Punjab Govt., with no clear cut vision for its improvement in near future .State Govt had badly failed to take advantage of centrally sponsored schemes. In spite of tight financial position of the Govt , its representatives are not sparing any opportunity to grab the public resources for their benefits. Success story of village Mujafat is also very encouraging .Earthquake and safety measures are very well explained by by Sh Rajwinder Singh .Overall quality of contents selected for the publication in the magazine is commendable. Various welfare activities undertaken by the organisation for the welfare of society is praiseworthy . I wish for the further progress of Saini Sansar

Gurmit Singh Saini
San jose C A

# ਨਹੀਂ ਲੱਭਣੇ ਲਾਲ ਗੁਆਚੇ

ਇੰਜ. ਕਰਨੈਲ ਸਿੰਘ



## ਐਡਵੋਕੇਟ ਨਰਿੰਦਰ ਸਿੰਘ ਸਿੱਟਾ

ਪ੍ਰਸਿੱਧ ਸਮਾਜਸੇਵੀ, ਕਾਨੂੰਨ ਦੀ ਦੁਨੀਆਂ ਦੇ ਮਹਿਰ ਅਤੇ ਸੈਣੀ ਭਵਨ ਰੂਪਨਗਰ ਦੇ ਸਰਗਰਮ ਸਹਿਯੋਗੀ ਐਡਵੋਕੇਟ ਨਰਿੰਦਰ ਸਿੰਘ ਸਿੱਟਾ ਅਚਣਚੇਤ ਦਿਲ ਦੌਰਾ ਪੈਣ ਕਾਰਨ 28 ਜੂਨ 2015 ਦੀ ਰਾਤ ਨੂੰ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਬੇਮੌਕਾ ਮੌਤ ਨਾਲ ਹਰ ਵਰਗ ਨੂੰ ਅਸਹਿ ਸਦਮਾ ਪੁੱਜਿਆ ਹੈ। ਐਡਵੋਕੇਟ ਸਿੱਟਾ ਵਿੱਚ ਆਪਸੀ ਮਿਲਵਰਤਣ, ਸਮਾਜ ਸੇਵਾ ਪ੍ਰਤੀ ਇੱਕ ਅਜਿਹੀ ਲਗਨ ਸੀ ਕਿ ਉਨ੍ਹਾਂ ਨੇ ਰੂਪਨਗਰ ਸ਼ਹਿਰ ਦੀ ਹਰ ਇੱਕ ਸਮਾਜਸੇਵੀ ਸੰਸਥਾ ਨਾਲ ਆਪਣੇਆਪ ਨੂੰ ਜੋੜ ਕੇ ਲੋਕ ਸੇਵਾ ਵਿੱਚ ਕਿਸੇ ਨਾ ਕਿਸੇ ਰੂਪ 'ਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਉਹ ਸੈਣੀ ਭਵਨ ਅਤੇ ''ਆਪਣਾ ਘਰ" ਤੋਂ ਇਲਾਵਾ ਨੇਤਾਜੀ ਫਾਂਉਡੇਸ਼ਨ, ਰੋਟਰੀ ਕਲੱਬ, ਜ਼ਿਲ੍ਹਾ ਲਿਖਾਰੀ ਸਭਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਆਦਿ ਦੀਆਂ ਗਤੀਵਿਧਿਆਂ ਵਿੱਚ ਸਰਗਰਮੀ ਨਾਲ ਭਾਗ ਲੈਂਦੇ ਸਨ ਅਤੇ ਖੇਡਾਂ, ਮੇਲਿਆਂ, ਧਾਰਮਿਕ ਤੇ ਸਭਿਆਚਾਰਕ ਸਮਾਗਮਾਂ ਵਿੱਚ ਸ਼ਾਮਲ ਹੋਣਾ ਨਹੀਂ ਭੁੱਲਦੇ ਸਨ।



ਉਨ੍ਹਾਂ ਗਰੀਬ ਗੁਰਬਿਆਂ ਦੇ ਮਕਾਨਾਂ ਲਈ ਮੁਫਤ ਜ਼ਮੀਨ ਦਿੱਤੀ ਅਤੇ ਸਰਕਾਰੀ ਹਾਈ ਸਕੂਲ ਲੜਕੀਆਂ ਰੂਪਨਗਰ ਲਈ ਅਹਿਮ ਯੋਗਦਾਨ ਪਾਇਆ। ਉਨ੍ਹਾਂ ਸਰਕਾਰੀ ਕਾਲਜ ਰੂਪਨਗਰ 'ਚ ਪੜ੍ਹਦਿਆਂ ਭੰਗੜੇ 'ਚ ਵੀ ਮੁਹਾਰਤ ਹਾਸਿਲ ਕੀਤੀ ਅਤੇ ਦੇਸ਼ੀਆਂ ਖੇਡਾਂ ਦੇ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਪੰਜਾਬੀ ਗਾਇਕ ਬਿੰਦਰਖੀਏ ਨੂੰ ਅੱਗੇ ਲਿਆਉਣ ਲਈ ਬਹੁਤ ਯੋਗਦਾਨ ਪਾਇਆ।

ਐਡਵੋਕੇਟ ਨਰਿੰਦਰ ਸਿੱਟਾ ਨੇ ਰੂਪਨਗਰ ਦੇ ਪ੍ਰਸਿਧ ਕਪੜਾ ਵਿਉਪਾਰੀ ਲਾਲ ਸਿੰਘ ਦੇ ਘਰ ਪਿੰਡ ਲੋਦੀਮਾਜਰਾ ਵਿਖੇ ਜਨਮ ਲਿਆ। ਇੰਦੌਰ ਤੋਂ ਐਲ.ਐਲ.ਬੀ. ਕਰਕੇ ਰੂਪਨਗਰ ਦੀਆਂ ਕਚਹਿਰੀਆਂ ਵਿੱਚ ਵਕਾਲਤ ਸ਼ੁਰੂ ਕੀਤੀ। ਉਨ੍ਹਾਂ ਸਿੱਟਾ ਨੇ ਪੰਜਾਬ ਦੇ ਡਿਪਟੀ ਐਡਵੋਕੇਟ ਜਨਰਲ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਕੌਂਸਲ ਦੇ ਆਨਰੇਰੀ ਸਕੱਤਰ ਅਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦੀਆਂ ਅਹਿਮ ਜਿੰਮੇਵਾਰੀਆਂ ਵੀ ਬਾਖ਼ੂਬੀ ਨਿਭਾਈਆਂ। ਉਹ ਆਪਣੇ ਪਿੱਛੇ ਧਰਮਪਤਨੀ ਤੋਂ ਇਲਾਵਾ ਬੇਟਾ ਅਤੇ ਬੇਟੀ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਐਡਵੋਕੇਟ ਸਿੱਟਾ ਸੈਣੀ ਭਵਨ ਰੂਪਨਗਰ ਦੇ ਕਾਨੂੰਨੀ ਸਲਾਹਕਾਰ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸੈਣੀ ਭਵਨ ਅਤੇ ''ਆਪਣਾ ਘਰ" ਦੇ ਪ੍ਰਬੰਧਕਾਂ ਨੂੰ ਨਾਪੂਰਨਯੋਗ ਘਾਟਾ ਪਿਆ ਹੈ। ਸੰਸਥਾ ਸਿੱਟਾ ਦੀਆਂ ਸਮਾਜ ਸੇਵਾ ਪ੍ਰਤੀ ਵੱਡਮੁਲੀਆਂ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖੇਗੀ।

## ਹਰਬੰਸ ਸਿੰਘ ਸੈਣੀ

ਹਰਬੰਸ ਸਿੰਘ ਸੈਣੀ ਸਿੱਖਿਆ ਪ੍ਰਤਿ ਸਮਰਪਿਤ ਇੱਕ ਮਹਾਨ ਸਖ਼ਸ਼ੀਅਤ ਤੇ ਸਿੱਖਿਆ ਸ਼ਾਸਤਰੀ ਸਨ। ਉਹ ਆਪਣੀ ਜ਼ਿੰਦਗੀ ਦਾ ਸਫ਼ਰ ਮੁਕੰਮਲ ਪੂਰਾ ਕਰਕੇ ਪਹਿਲੀ ਅਗਸਤ 2015 ਨੂੰ ਇਸ ਦੁਨੀਆ ਤੋਂ ਸਦਾ ਲਈ ਰੁਖਸਤ ਹੋ ਗਏ ਹਨ। ਹਰਬੰਸ ਸਿੰਘ ਸੈਣੀ ਦਾ ਜਨਮ 5 ਅਗਸਤ, 1944 ਨੂੰ ਰੂਪਨਗਰ ਜ਼ਿਲ੍ਹੇ ਦੀ ਤਹਿਸੀਲ ਸ੍ਰੀ ਚਮਕੌਰ ਸਾਹਿਬ ਦੇ ਪਿੰਡ ਮੁਜ਼ਾਫਤ ਵਿਖੇ ਪਿਤਾ ਸਰਦਾਰ ਹਰਭਜਨ ਸਿੰਘ ਅਤੇ ਮਾਤਾ ਸ਼੍ਰੀਮਤੀ ਮੁਹਿੰਦਰ ਕੌਰ ਦੇ ਘਰ ਹੋਇਆ। ਉਨ੍ਹਾਂ ਨੇ ਆਪਣੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਬੇਲਾ ਤੋਂ ਆਰੰਭ ਕਰਕੇ ਐਮ.ਏ. ਇਕਨਾਮਿਕਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅਤੇ ਪ੍ਰੀ. ਪੀ.ਐਚ.ਡੀ.-ਜਰਸੀ ਸਿਟੀ ਸਟੇਟ ਕਾਲਜ, ਆਟੋਨੋਮਸ, ਨਿਊ ਜਰਸੀ, ਯੂ.ਐਸ.ਏ. ਤੋਂ ਪਾਸ ਕੀਤੀ ।

ਸ. ਹਰਬੰਸ ਸਿੰਘ ਨੇ ਆਪਣਾ ਕਾਰਜਖੇਤਰ ਖਾਲਸਾ ਹਾਇਰ ਸੈਕੰਡਰੀ ਸਕੂਲ ਅੰਬਾਲਾ ਸਿਟੀ ਵਿੱਚ ਮਈ 1967 ਤੋਂ ਲੈਕਚਰਾਰ ਇਕਨਾਮਿਕਸ ਦੇ ਤੌਰ ਤੇ ਆਰੰਭ ਕੀਤਾ। ਉਨ੍ਹਾਂ ਨੇ ਬੇਲਾ, ਖੰਨਾ ਤੇ ਬਾਦਲ ਵਿੱਚ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਵਜੋਂ ਕੰਮ ਕੀਤਾ। ਉਨ੍ਹਾਂ ਨੇ ਬੇਲਾ ਵਿਖੇ ਕਾਲਜ ਦੀ ਸਥਾਪਨਾ ਕਰਵਾਉਣ ਲਈ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਇਸ ਕਾਲਜ ਦੇ ਮੋਢੀ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ।



ਸ. ਹਰਬੰਸ ਸਿੰਘ ਸੈਣੀ ਨੇ ਸੇਵਾਮੁਕਤੀ ਤੋਂ ਉਪਰੰਤ ਵੀ ਵਿੱਦਿਆ ਦਾ ਚਾਨਣ ਫੈਲਾਉਣ ਦੀ ਆਪਣੀ ਚਾਹਤ ਨੂੰ ਲਗਾਤਾਰ ਜਾਰੀ ਰੱਖਿਆ। ਉਨ੍ਹਾਂ ਨੇ ਹਿਮਾਲਿਆ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਖੰਨਾ (ਲੁਧਿਆਣਾ), ਹਿਮਾਲਿਆ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਮੁਜ਼ਾਫਤ (ਰੂਪਨਗਰ) ਅਤੇ ਮੈਥਿਊ ਐਲੈਗਜੈਂਡਰ ਸਕੂਲ ਲੰਬੀ (ਮੁਕਤਸਰ) ਵਿੱਖੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਤਿੰਨ ਸਕੂਲ ਖੋਲ੍ਹੇ ਜਿਨ੍ਹਾਂ ਦੇ ਉਹ ਆਖਰੀ ਸਮੇਂ ਤੱਕ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਰਹੇ। ਸ. ਹਰਬੰਸ ਸਿੰਘ ਸੈਣੀ ਸੀਨੀਅਰ ਸਿਟੀਜ਼ਨਜ਼ ਕੌਂਸਲ ਰੂਪਨਗਰ ਤੇ ਸੈਣੀ ਭਵਨ ਰੂਪਨਗਰ ਦੇ ਲਾਇਫ ਮੈਂਬਰ ਸਨ। ਉਹ ਇਲਾਕੇ ਦੇ ਹਰਮਨ ਪਿਆਰੇ, ਖੁਸ਼ ਤਬੀਅਤ ਤੇ ਮਿਲਣਸਾਰ ਸਖ਼ਸ਼ੀਅਤ ਸਨ। ਸ. ਹਰਬੰਸ ਸਿੰਘ ਸੈਣੀ ਦੇ ਜਾਣ ਨਾਲ ਜਿੱਥੇ ਸਿੱਖਿਆ ਜਗਤ ਵਿੱਚ ਵੱਡਾ ਖਲਾਅ ਪੈਦਾ ਹੋਇਆ ਹੈ, ਉੱਥੇ ਸੈਣੀ ਬਰਾਦਰੀ ਦਾ ਵੀ ਇੱਕ ਅਨਮੋਲ ਹੀਰਾ ਖੋ ਗਿਆ ਹੈ।

## "ਨੰਨ੍ਹੀ ਬੱਚੀ ਦੇ ਜਿਉਣ ਦੀ ਇੱਛਾ"

ਗਗਨਦੀਪ ਸੈਣੀ

ਰਾਤੀਂ ਸੁੱਤਿਆਂ ਮੈਨੂੰ ਸੁਪਨਾ ਆਇਆ,
ਸੁਪਨੇ ਵਿੱਚ ਇੱਕ ਪਰੀ ਸਤਾਇਆ,
ਅਚਾਨਕ ਮੁੱਖ 'ਤੇ ਉਦਾਸੀ ਲੈ ਕੇ ਬੋਲੀ,
ਇੱਕ ਗੱਲ ਦਸੋ !
ਦੁਨੀਆ ਸਾਨੂੰ ਮੰਦਾ ਕਿਉਂ ਕਹਿੰਦੀ ?
ਜੰਮਣ ਤੋਂ ਪਹਿਲਾਂ ਹੀ ਕੁੱਖਾਂ ਵਿੱਚ
ਮਾਰ ਕੇ ਕਿਉਂ ਬਹਿੰਦੀ?
"ਨਾ ਕਰਿਉ ਉਹ ਮਾੜੇ ਕੰਮ,
ਜੋ ਤੁਹਾਨੂੰ ਪਾਪੀ ਬਣਾਉਂਦੇ ਨੇ,
ਅੱਜ ਕੱਲ ਕੁੜੀਆਂ ਮੁੰਡੇ ਇਕੋ ਨੇ"
ਇਹ ਗੱਲ ਸਮਝਾਉਣ ਲੱਗ ਪਈ,
ਸੁਣ ਕੇ ਮੈਂ ਸੋਚੀ ਪੈ ਗਿਆ ਕਿ ਉਸ ਨੰਨੀ ਪਰੀ ਨੂੰ ਮੈਂ,
ਕਿਵੇਂ ਦਿਵਾਵਾਂ ਉਸ ਦੇ ਜਿਊਣ ਦਾ ਹੱਕ?
ਕਿਵੇ ਕਰਾਂ ਉਸ ਦੀ ਇਹ ਰੀਝ ਪੂਰੀ ਮੈਂ।
ਫੇਰ ਮੈਂ ਵੀ ਉਸ ਨਾਲ ਵਾਅਦਾ ਕੀਤਾ,
ਉਸ ਦੇ ਜਿਊਣ ਦੀ ਇਹ ਇੱਛਾ ਮੈਂ,
ਲਫਜ਼ਾ ਨਾਲ ਸਮਝਾਵਾਂਗਾ।
ਅੱਜ ਤੋਂ ਬਾਅਦ ਹਰ ਇਕ ਧੀ ਨੂੰ ਉਸ ਦਾ ਹੱਕ ਦਿਵਾਂਗਾ,
ਸ਼ਾਇਦ ਸੈਣੀ ਦੀ ਇਹ ਛੋਟੀ ਕੋਸ਼ਿਸ,
ਲੋਕਾਂ ਦੇ ਦਿਲਾਂ ਵਿੱਚ ਘਰ ਕਰ ਜਾਵੇ,
ਹਰ ਇਕ ਨੰਨੀ ਪਰੀ ਨੂੰ,
ਚਾਵਾਂ ਨਾਲ ਜਿਊਣ ਦਾ ਹੱਕ ਮਿਲ ਜਾਵੇ।

ਰੂਪਨਗਰ

ਮੁਹੱਬਤ ਵੀ, ਧਨ ਵੀ, ਖੁਸ਼ੀ ਵੀ, ਸਭ ਹੈ ਮਗਰ ਫਿਰ ਵੀ,
ਪਤਾ ਨਹੀਂ ਜ਼ਿੰਦਗੀ ਵਿੱਚ ਕੀ ਕਮੀ ਮਹਿਸੂਸ ਹੁੰਦੀ ਹੈ।
ਉਮੀਦ ਕਿਸ਼ ਹੋਵੇ ਮੈਨੂੰ ਕਿ ਉਹ ਵਾਅਦਾ ਵਫ਼ਾ ਹੋਊ,
ਜਦ ਕਿ ਹਰ ਗੱਲ ਉਸਦੀ ਦਿਲਲਗੀ ਮਹਿਸੂਸ ਹੁੰਦੀ ਹੈ।
ਕਿਸੇ ਨੂੰ ਭੀੜ ਵਿੱਚ ਵੀ ਉਦਾਸੀ ਡਸ ਲੈਂਦੀ ਹੈ।
ਕਿਸੇ ਨੂੰ ਚੁੱਪ ਵੀ ਨਗਮਾ ਮਹਿਸੂਸ ਹੁੰਦੀ ਹੈ।

ਡਾ. ਜਸਵੰਤ ਕੌਰ

## ਸਭ ਕੁਝ ਤੇਰਾ

:- ਨਿਰਮਲ ਸਿੰਘ 'ਨਿਰਮਲ'

ਇਹ ਵੀ ਤੇਰਾ ਉਹ ਵੀ ਤੇਰਾ,
ਜੋ ਵੀ ਦਿਸਦੈ ਤੇਰਾ ਤੇਰਾ।
ਜਿੱਧਰ ਵੇਖਾਂ ਤੂੰ ਹੀ ਤੂੰ ਏਂ,
ਭਾਵੇਂ ਘੁੰਮਾਂ ਚਾਰ-ਚੁਫੇਰਾ।
ਮਿੱਟੀ ਦੇ ਵਿੱਚ ਮਿੱਟੀ ਹੋਣੈ,
ਉਹੀ ਤੇਰਾ ਰੈਣ ਬਸੇਰਾ।
ਸਾਢੇ ਤਿੰਨ ਹੱਥ ਧਰਤੀ ਤੇਰੀ,
ਜਿੱਧਰ ਮਰਜ਼ੀ ਘੁੰਮ ਲੈ ਸ਼ੇਰਾ।
ਖਾਲੀ ਆਇਓਂ ਖਾਲੀ ਜਾਣੈ,
ਜਦੋਂ ਜਮਾਂ ਨੇ ਪਾਇਆ ਘੇਰਾ।
ਜਗਤ ਜਲੰਦਾ ਰੱਖ ਲੈ ਵਾਹਿਗੁਰੂ,
ਪਾਰਬ੍ਰਹਮ ਤੂੰ ਸੁਆਮੀ ਮੇਰਾ।
ਵਾਹ ਵਾਹ ਵਾਹ ਵਾਹ ਕਰਦੇ ਜਿਹੜੇ,
ਤੱਕ ਕੇ ਮਹਿਲ ਮੁਨਾਰੇ ਤੇਰੇ।
ਚੀਖ਼ ਚਿਹਾੜਾ ਪੈ ਜਾਊ ਉੱਥੇ,
ਹਾਏ ਹਾਏ ਸ਼ੇਰਾ, ਹਾਏ ਹਾਏ ਸ਼ੇਰਾ।
ਦੇਹੀ ਚੋਂ ਜਾ ਹੰਸ ਇਹ ਉਡਿਆ,
ਚਾਰੇ ਪਾਸੇ ਹੋ ਜਾਊ ਨ੍ਹੇਰਾ।
ਰੱਬ ਹੀ ਜਾਣੇ ਇਸ ਦੇਹੀ ਵਿਚ,
ਮੁੜਕੇ ਕਦ ਹੈ ਪਾਉਣਾ ਫੇਰਾ ?
ਪੁੰਨ ਦਾਨ ਤੇ ਸੇਵਾ ਸਿਮਰਨ,
ਅੰਤ ਸਮੇਂ ਕੰਮ ਆਉਣਾ ਤੇਰੇ।
ਭੋਗ ਪੈਣ ਤੇ ਲੋਕਾਂ ਚਾਰੀ,
ਘਰ ਦੇ ਕਰਦੇ ਦਾਨ ਬਥੇਰਾ।
ਸੰਗੀ ਸਾਥੀ ਟੁਰ ਗਏ ਸਾਰੇ,
ਮਾਇਆ ਸਾਥ ਕਦੇ ਨਹੀਂ ਦਿੰਦੀ।
ਅੰਤ ਸਮੇ ਫਿਰ ਆਖੂ 'ਨਿਰਮਲ'
ਤੂੰ ਹੀ ਤੂੰ ਮੈ ਬਾਰਕ ਤੇਰਾ ।

ਰੂਪਨਗਰ

## ਪੁਸਤਕ 'ਪੈੜਾਂ ਦਰ ਪੈੜਾਂ. ਲੋਕ ਅਰਪਣ ਹੋਣ ਵਧਾਈ

ਪੁਸਤਕ 'ਪੈੜਾਂ ਦਰ ਪੈੜਾਂ. ਦੀ ਘੁੰਡ ਚੁਕਾਈ 'ਤੇ ਅਦਾਰਾ ਸੈਣੀ ਭਵਨ ਰੂਪਨਗਰ ਗ਼ਜ਼ਲ ਸਮਰਾਟ ਬਲਬੀਰ ਸਿੰਘ ਸੈਣੀ ਨੂੰ ਮੁਬਾਰਕਵਾਦ ਦਿੰਦਾ ਹੈ। ਬਲਬੀਰ ਸਿੰਘ ਸੈਣੀ ਦੀ ਇਹ ਨੌਂਵੀਂ ਪੁਸਤਕ ਪਰਵਾਸੀ ਪੰਜਾਬੀ ਫਰੈਂਡਜ਼ ਕਲੱਬ ਵੱਲੋਂ ਆਯੋਜਿਤ ਇਤਿਹਾਸਕ ਗੁਰਦੁਆਰਾ ਘਾਟ ਸਾਹਿਬ ਨੰਗਲ ਵਿਖੇ ਇੱਕ ਸਾਹਿਤਕ ਸਮਾਗਮ ਵਿੱਚ ਨਗਰ ਕੌਂਸਲ ਨੰਗਲ ਦੇ ਸਾਬਕਾ ਪ੍ਰਧਾਨ ਰਾਜੇਸ ਚੌਧਰੀ, ਇੰਟਰਨੈਸ਼ਨਲ ਗ਼ਜ਼ਲ ਅਕਾਡਮੀ ਦੇ ਪ੍ਰਧਾਨ ਅਮਰਜੀਤ ਸੰਧੂ, ਡਾ. ਅਸ਼ੋਕ ਸ਼ਰਮਾ, ਰਾਕੇਸ਼ ਨਈਅਰ ਵੱਲੋਂ ਰਿਲੀਜ਼ ਕੀਤੀ ਗਈ।

ਜਨਸੁਵਿਧਾਵਾਂ

# ਸਿਹਤ ਵਿਭਾਗ ਪੰਜਾਬ ਅਧੀਨ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ

ਬੀ. ਐੱਸ. ਪਾਬਲਾ



**ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਯੋਜਨਾ**

ਇਸ ਸਕੀਮ ਅਧੀਨ ਕੈਂਸਰ ਨਾਲ ਪੀੜਤ ਵਿਅਕਤੀ ਨੂੰ ਸਰਕਾਰੀ ਅਤੇ ਸਰਕਾਰ ਤੋਂ ਮਾਨਤਾਪ੍ਰਾਪਤ ਹਸਪਤਾਲ ਵਿੱਚ ਇਲਾਜ ਲਈ 1.50 ਲੱਖ ਰੁਪਏ ਤੱਕ ਦੀ ਮਾਲੀ ਸਹਾਇਤਾ ਸਿੱਧੇ ਤੌਰ 'ਤੇ ਹਸਪਤਾਲ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਮਰੀਜ਼ ਨੂੰ ਘਰ ਤੋਂ ਹਸਪਤਾਲ ਤੱਕ ਆਉਣ ਜਾਣ ਲਈ ਸਰਕਾਰ ਵੱਲੋਂ ਮੁਫ਼ਤ ਸਫ਼ਰ ਦੇ ਕੂਪਨ ਦਿੱਤੇ ਜਾਂਦੇ ਹਨ।

**ਜਨਨੀ ਸੁਰੱਖਿਆ ਯੋਜਨਾ :**

ਇਸ ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨਾਲ ਸਬੰਧਿਤ ਔਰਤਾਂ ਨੂੰ ਸਰਕਾਰੀ ਹਸਪਤਾਲ ਅਤੇ ਮਾਨਤਾਪ੍ਰਾਪਤ ਪ੍ਰਾਈਵੇਟ ਹਸਪਤਾਲ ਵਿੱਚ ਜਣੇਪਾ ਕਰਵਾਉਣ ਤੇ ਪੇਂਡੂ ਔਰਤਾਂ ਨੂੰ 700 ਰੁਪਏ, ਸ਼ਹਿਰ ਦੀਆਂ ਔਰਤਾਂ ਨੂੰ 600/- ਰੁਪਏ ਅਤੇ ਘਰ ਵਿੱਚ ਜਣੇਪਾ ਕਰਵਾਉਣ 'ਤੇ 500/- ਰੁਪਏ ਦਿੱਤੇ ਜਾਂਦੇ ਹਨ।

**ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ :**

ਇਸ ਸਕੀਮ ਅਧੀਨ ਸਰਕਾਰੀ ਸਿਹਤ ਸੰਸਥਾ ਵਿਖੇ ਜਣੇਪਾ ਕਰਵਾਉਣ 'ਤੇ ਹਰ ਤਰ੍ਹਾਂ ਦੀਆਂ ਦਵਾਈਆਂ ਅਤੇ ਹੋਰ ਮੈਡੀਕਲ ਟੈਸਟ ਬਿਲਕੁਲ ਮੁਫ਼ਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਜਣੇਪਾ ਹੋਣ ਤੋਂ ਬਾਅਦ ਔਰਤਾਂ ਨੂੰ ਖਾਣਾ ਪੀਣਾ ਵੀ ਮੁਹਈਆ ਕਰਵਾਇਆ ਜਾਂਦਾ ਹੈ ਤੇ 5 ਸਾਲ ਤੱਕ ਦੇ ਬਿਮਾਰ ਬੱਚਿਆਂ ਨੂੰ ਮੁਫ਼ਤ ਇਲਾਜ ਅਤੇ ਉਹਨਾਂ ਨੂੰ ਸਿਹਤ ਸੰਸਥਾ ਤੱਕ ਪਹੁੰਚਾਉਣ, ਘਰ ਛੱਡ ਕੇ ਆਉਣ ਅਤੇ ਮੁਸ਼ਕਲ ਹਾਲਾਤ ਵਿੱਚ ਉਚੇਰੀ ਸਿਹਤ ਸੰਸਥਾ ਵਿਖੇ ਰੈਫਰ ਕਰਨ ਦੀ ਸੁਵਿਧਾ ਦਿੱਤੀ ਜਾਂਦੀ ਹੈ। ਇਸ ਲਈ 108 ਡਾਇਲ ਕਰਨ ਤੇ ਐਂਬੂਲੈਂਸ ਅਤੇ ਸਰਕਾਰੀ ਵਹੀਕਲ ਦਾ ਇਸਤੇਮਾਲ ਕੀਤਾ ਜਾਂਦਾ ਹੈ।

**ਮਾਤਾ ਕੁਸ਼ੱਲਿਆ ਯੋਜਨਾ :**

ਇਸ ਸਕੀਮ ਅਧੀਨ ਹਰ ਗਰਭਵਤੀ ਔਰਤ, ਜਿਸ ਦਾ ਜਣੇਪਾ ਸਰਕਾਰੀ ਹਸਪਤਾਲ ਵਿੱਚ ਹੁੰਦਾ ਹੈ, ਉਸਨੂੰ ਜਣੇਪੇ ਉਪਰੰਤ ਇੱਕ ਹਜ਼ਾਰ ਰੁਪਏ ਦਿੱਤੇ ਜਾਂਦੇ ਹਨ।

**ਬਾਲੜੀ ਰੱਖਿਅਕ ਯੋਜਨਾ :**

ਇਹ ਸਕੀਮ ਪੰਜਾਬ ਸਰਕਾਰ ਵੱਲੋਂ 1/4/2005 ਤੋਂ ਲਿੰਗ ਅਨੁਪਾਤ ਵਿੱਚ ਸੁਧਾਰ ਕਰਨ ਅਤੇ ਲੜਕੀਆਂ ਦੇ ਜਨਮ ਨੂੰ ਉਤਸ਼ਾਹਿਤ ਕਰਨ ਲਈ ਚਲਾਈ ਗਈ ਸੀ। ਇਸ ਸਕੀਮ ਅਧੀਨ ਜਿਹੜੇ ਯੋਗ ਜੋੜੇ ਦੋ ਬੱਚੀਆਂ ਹੋਣ ਤੋਂ ਬਾਅਦ ਪਰਿਵਾਰ ਨਿਯੋਜਨ ਦੇ ਪੱਕੇ ਤਰੀਕੇ ਅਪਣਾਉਂਦੇ ਹਨ ਉਹਨਾਂ ਦੀਆਂ ਲੜਕੀਆਂ ਦੇ ਖਾਤੇ ਵਿੱਚ 18 ਸਾਲ ਦੀ ਉਮਰ ਹੋਣ ਤੱਕ ਹਰ ਮਹੀਨੇ 500 ਰੁਪਏ ਸਿੱਧੇ ਜਮ੍ਹਾਂ ਕਰਵਾਏ ਜਾਂਦੇ ਹਨ। ਯੋਗ ਜੋੜਿਆਂ ਵਿੱਚੋਂ ਕੋਈ ਵੀ ਜਣਾ ਆਮਦਨ ਟੈਕਸ ਦੇਣਕਾਰ ਨਹੀ ਹੋਣਾ ਚਾਹੀਦਾ ਹੈ।

**ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ :**

ਇਸ ਸਕੀਮ ਅਧੀਨ ਹਰ ਕਾਰਡ ਧਾਰਕ ਪਰਿਵਾਰ ਦੇ 5 ਮੈਂਬਰਾਂ ਤੱਕ ਨੂੰ ਸਾਲਾਨਾ ਕੁੱਲ 30,000 ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਹ ਲਾਭ ਹਸਪਤਾਲ ਵਿੱਚ ਦਾਖ਼ਲ ਹੋ ਕੇ ਇਲਾਜ ਕਰਵਾਉਣ 'ਤੇ ਮਿਲ ਸਕੇਗਾ। ਕੁਝ ਇਲਾਜ ਜਿਵੇਂ ਕਿ ਡਾਇਲਸਿਸ, ਕੀਮੋਥਰੈਪੀ, ਅੱਖਾਂ ਅਤੇ ਦੰਦਾਂ ਦੇ ਇਲਾਜ, ਜਿਸ ਵਿੱਚ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਜ਼ਰੂਰਤ ਨਹੀਂ ਵੀ ਹੁੰਦੀ, ਸ਼ਾਮਿਲ ਕੀਤੇ ਗਏ ਹਨ। ਕਾਰਡ ਧਾਰਕ ਪਰਿਵਾਰ ਆਪਣਾ ਇਲਾਜ ਸੂਚੀ ਵਿੱਚ ਸ਼ਾਮਿਲ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾ ਸਕਦੇ ਹਨ। ਇਲਾਜ ਕਰਵਾਉਣ ਵਾਲੇ ਕਾਰਡ ਧਾਰਕਾਂ ਨੂੰ 100/- ਰੁਪਏ ਤੱਕ ਦਾ ਆਉਣ ਜਾਣ ਦਾ ਕਿਰਾਇਆ ਹਸਪਤਾਲ ਵੱਲੋਂ ਦਿੱਤਾ ਜਾਵੇਗਾ।

**ਟੋਲ ਫ੍ਰੀ ਮੈਡੀਕਲ ਹੈਲਪਲਾਈਨ :**

ਕੋਈ ਵੀ ਨਾਗਰਿਕ ਮੈਡੀਕਲ ਹੈਲਪਲਾਈਨ ਨੰਬਰ 104 ਤੇ ਫੋਨ ਕਰਕੇ ਮਾਹਿਰ ਡਾਕਟਰਾਂ ਕੋਲੋਂ ਮੁਫ਼ਤ ਵਿੱਚ ਮੈਡੀਕਲ ਸਹਾਇਤਾ ਬਾਰੇ ਸਲਾਹ-ਮਸ਼ਵਰਾ ਲੈ ਸਕਦਾ ਹੈ ਅਤੇ ਇਸ ਹੈਲਪਲਾਈਨ ਨੰਬਰ ਤੇ ਇਹ ਸਹੂਲਤ 24 ਘੰਟੇ ਉਪਲੱਬਧ ਹੈ, ਜਿਸ ਵਿੱਚ ਮਾਹਿਰ ਡਾਕਟਰਾਂ, ਕਲੀਨੀਕਲ ਸਾਈਕੋਲੋਜਿਸਟ ਅਤੇ ਪੈਰਾ ਮੈਡਕਲ ਦੇ ਮਾਹਿਰ ਫੋਨ ਸੁਣਕੇ ਸ਼ਿਕਾਇਤ ਕਰਤਾ ਨੂੰ ਢੁੱਕਵਾਂ ਮਸ਼ਵਰਾ ਦਿੰਦੇ ਹਨ। ਸਬੰਧਤ ਵੱਖ-ਵੱਖ ਕੇਂਦਰੀ ਅਤੇ ਸੂਬਾਈ ਯੋਜਨਾਵਾਂ ਅਧੀਨ ਮਿਲਦੀਆਂ ਸੁਵਿਧਾਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਹੈਲਪਲਾਈਨ ਰਾਹੀਂ ਸ਼ਰਾਬ, ਸਿਗਰਟਨੋਸ਼ੀ ਅਤੇ ਹੋਰ ਸਮਾਜਿਕ ਬੁਰਾਈਆਂ ਵਿੱਚ ਜਕੜੇ ਲੋਕਾਂ ਦੀ ਮਾਹਿਰਾਂ ਦੁਆਰਾ ਕੌਂਸਲਿੰਗ ਵੀ ਕੀਤੀ ਜਾਂਦੀ ਹੈ।

ਜੇਕਰ ਸਰਕਾਰੀ ਮੈਡੀਕਲ ਅਦਾਰਿਆਂ, ਪੀ.ਐੱਨ.ਡੀ.ਟੀ, ਜਨਮ ਅਤੇ ਮੌਤ ਸਰਟੀਫਿਕੇਟ, ਏਡਜ਼ ਕੰਟਰੋਲ ਆਦਿ ਸੇਵਾਵਾਂ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ 104 ਨੰਬਰ ਹੈਲਪ ਲਾਈਨ ਤੇ ਇਸਦੀ ਸ਼ਿਕਾਇਤ ਵੀ ਕਰ ਸਕਦੇ ਹਨ, ਜਿਸ ਤੇ ਵਿਭਾਗ ਵੱਲੋਂ ਫੌਰਨ ਕਾਰਵਾਈ ਕੀਤੀ ਜਾਂਦੀ ਹੈ। ਮੈਡੀਕਲ ਹੈਲਪਲਾਈਨ 104 ਤੇ ਕੰਮ ਕਰ ਰਹੇ ਸਟਾਫ ਤੇ ਨਿਗ੍ਹਾ ਰੱਖਣ ਲਈ ਇਸ ਤੇ ਆਉਣ ਵਾਲੀ ਹਰ ਕਾਲ ਰਿਕਾਰਡ ਕੀਤੀ ਜਾਂਦੀ ਹੈ ਤਾਂ ਕਿ ਕੋਈ ਕਿਸੇ ਨੂੰ ਗੁੰਮਰਾਹ ਨਾ ਕਰ ਸਕੇ।

**ਐਂਬੂਲੈਂਸ 108 :** 24x7 ਘੰਟੇ ਰਾਜ ਦੇ ਕੰਟਰੋਲ ਅਤੇ ਸੇਵਾ ਵਾਲੀ ਇਸ ਐਂਬੂਲੈਂਸ ਵਿੱਚ ਮਰੀਜ਼ ਦੀ ਮੱਦਦ ਜਾਂ ਜਾਨ ਬਚਾਉਣ ਸੰਬੰਧੀ ਸਾਰੀਆਂ ਸਹੂਲਤਾਂ ਤੇ ਔਜ਼ਾਰ ਮੌਜੂਦ ਹਨ। ਸ਼ਹਿਰ ਵਿੱਚ 20 ਮਿੰਟ ਤੇ ਪੇਂਡੂ ਖੇਤਰਾਂ ਵਿੱਚ 30 ਮਿੰਟ ਵਿੱਚ ਸੇਵਾ ਮੁਹਈਆ ਕਰਵਾਈ ਜਾਂਦੀ ਹੈ।


ਵਾਤਾਵਰਨ ਅਸੰਤੁਲਨ

## ਕਿਉਂ ਖਤਮ ਹੋ ਗਈਆਂ ਘਰਾਂ ਵਿੱਚੋਂ ਚਿੜੀਆਂ

ਮਾਸਟਰ ਹਰੇਸ਼ ਸੈਣੀ



ਚਿੜੀਆਂ ਦੀਆਂ ਕਈ ਪ੍ਰਜਾਤੀਆਂ ਹਨ। ਪਰ ਇੱਕ ਖਾਸ ਕਿਸਮ ਦੀ ਚਿੜੀ ਪ੍ਰਜਾਤੀ ਸਾਡੇ ਘਰਾਂ ਵਿੱਚ ਆਮ ਵੇਖਣ ਨੂੰ ਮਿਲਦੀ ਸੀ। ਪਰ ਹੁਣ ਇਹ ਚਿੜੀ ਘਰਾਂ ਵਿੱਚੋਂ ਲੁਪਤ ਹੋ ਗਈ ਹੈ। ਇਹ ਚਿੜੀ ਸਾਡੇ ਪੰਜਾਬ ਦੇ ਸੱਭਿਆਚਾਰ ਵਿੱਚ ਘੁਲਮਿਲ ਗਈ ਸੀ। ਇਸ ਚਿੜੀ ਦੇ ਅਧਾਰ ਤੇ ਕਈ ਮੁਹਾਵਰੇ, ਕਹਾਵਤਾਂ, ਅਖਾਣ ਅਤੇ ਸ਼ਬਦਾਵਲੀ ਸੀ ਜਿਵੇਂ ਕਿ 'ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ' ਅਤੇ 'ਕੁੜੀਆਂ ਤੇ ਚਿੜੀਆਂ ਇੱਕੋ ਜਿਹੀਆਂ ਹੁੰਦੀਆਂ ਹਨ'। ਪੰਜਾਬ ਦਾ ਬਹੁਤ ਹੀ ਪ੍ਰਸਿੱਧ ਲੋਕ ਗੀਤ 'ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸੀਂ ਉੱਡ ਵੇ ਜਾਣਾ' ਅੱਜ ਵੀ ਲੋਕਾਂ ਦੀ ਜੁਬਾਨ ਤੇ ਹੈ। ਕਾਂ ਅਤੇ ਚਿੜੀ ਆਦਿ ਕਹਾਣੀਆਂ ਸਾਡੇ ਸਮਾਜ ਅਤੇ ਸੱਭਿਅਚਾਰ ਦਾ ਮੁੱਖ ਅੰਗ ਹਨ। ਪਹਿਲਾਂ ਡਾਰਾਂ ਦੇ ਡਾਰ ਇਹ ਚਿੜੀਆਂ ਸਾਡੇ ਘਰਾਂ ਵਿੱਚ ਸਾਰਾ ਦਿਨ ਮੌਜੂਦ ਰਹਿੰਦੀਆਂ ਸਨ। ਸਵੇਰ ਦੀ ਸ਼ੁਰੂਆਤ ਇਹਨਾਂ ਦੀ ਆਵਾਜ਼ ਨਾਲ ਹੀ ਹੁੰਦੀ ਸੀ। ਪਰ ਅਚਾਨਕ ਇਹਨਾਂ ਦਾ ਘਰਾਂ ਵਿੱਚੋਂ ਗਾਇਬ ਹੋਣਾ ਮੰਦਭਾਗਾ ਤੇ ਸਾਡੇ ਸੱਭਿਆਚਾਰ ਲਈ ਘਾਤਕ ਹੈ।ਪਹਿਲਾਂ ਘਰ ਦੇ ਅੰਦਰ-ਬਾਹਰ ਇਹ ਚਿੜੀਆਂ ਸਾਰਾ ਦਿਨ ਉੱਡਾਰੀਆਂ ਮਾਰਦੀਆਂ ਰਹਿੰਦੀਆਂ ਸਨ।ਘਰਾਂ ਵਿੱਚ ਕੋਈ ਵੀ ਦਾਣੇ ਸੁੱਕਣੇ ਪਾਉਣੇ ਤਾਂ ਚਿੜੀਆਂ ਡਾਰਾਂ ਦੀ ਡਾਰ ਉੱਥੇ ਇੱਕਠੀਆਂ ਹੁੰਦੀਆਂ ਸਨ। ਕਿਸੇ ਵੀ ਘਰ ਦਾ ਕੋਈ ਮੈਂਬਰ ਰੋਟੀ ਖਾਣ ਲਈ ਬੈਠਦਾ ਤਾਂ ਚਿੜੀਆਂ ਦੀਆ ਡਾਰਾਂ ਉਸ ਕੋਲ ਚੋਗਾ ਖਾਣ ਲਈ ਆ ਜਾਂਦੀਆਂ ਸਨ। ਪਰ ਹੁਣ ਤਾਂ ਇਹ ਚਿੜੀ ਘਰ-ਬਾਹਰ 'ਚ ਲੱਭਣੀ ਵੀ ਬੰਦ ਹੋ ਗਈ ਹੈ। ਜ਼ਿਆਦਾ ਲੋਕ ਇਹਨਾਂ ਦੇ ਲੋਪ ਹੋਣ ਦਾ ਕਾਰਨ ਮੋਬਾਇਲ ਟਾਵਰਾਂ ਤੋਂ ਨਿੱਕਲਣ ਵਾਲੀਆਂ ਤਰੰਗਾਂ ਨੂੰ ਮੰਨਦੇ ਹਨ। ਲੋਕਾਂ ਦਾ ਮੰਨਣਾ ਹੈ ਕਿ ਟਾਵਰਾਂ ਦੀਆਂ ਤਰੰਗਾ ਦੇ ਬੁਰੇ ਪ੍ਰਭਾਵ ਨਾਲ ਇਹ ਚਿੜੀਆਂ ਮਰ ਗਈਆਂ ਹਨ। ਇੱਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਜੰਗਲੀ ਜਾਂ ਬਾਹਰ ਖੇਤਾਂ ਵਿੱਚ ਰਹਿਣ ਵਾਲੀਆਂ ਬਹੁਤ ਹੀ ਛੋਟੇ ਅਕਾਰ ਦੀਆਂ ਚਿੜੀਆਂ ਮੋਬਾਇਲ ਤਰੰਗਾਂ ਨਾਲ ਕਿਉਂ ਨਹੀ ਮਰੀਆਂ? ਘਰੇਲੂ ਲੋਪ ਹੋ ਗਈ ਚਿੜੀ ਦੀ ਨਸਲ ਤੋਂ ਬਹੁਤ ਛੋਟੇ ਅਕਾਰ ਦੀਆਂ ਚਿੜੀਆਂ ਜੋ ਘਰਾਂ ਤੋਂ ਬਾਹਰ ਰਹਿੰਦੀਆਂ ਸਨ ਉਹਨਾਂ ਦੀ ਗਿਣਤੀ ਅੱਜ ਵੀ ਬਰਕਰਾਰ ਹੈ। ਚਿੜੀਆਂ ਦੀ ਮੌਤ ਅਤੇ ਅਚਾਨਕ ਸਾਡੇ ਘਰਾਂ ਵਿੱਚੋ ਲੋਪ ਹੋਣ ਦੇ ਕਈ ਕਾਰਨ ਹਨ। ਸਾਡਾ ਨਵਾਂ ਰਹਿਣ ਸਹਿਣ ਅਤੇ ਬਦਲਦਾ ਸੱਭਿਆਚਾਰ ਵੀ ਚਿੜੀਆਂ ਦੀ ਮੌਤ ਅਤੇ ਘਰਾਂ ਵਿੱਚੋ ਲੋਪ ਹੋਣ ਦਾ ਕਾਰਨ ਹੈ। ਜਦੋਂ ਘਰਾਂ ਵਿੱਚ ਨਵੇਂ ਬਿਜਲੀ ਵਾਲੇ ਛੱਤ ਵਾਲੇ ਪੱਖੇ ਆਏ ਤਾਂ ਲੱਖਾਂ ਦੀ ਤਦਾਦ ਵਿੱਚ ਇਹਨਾਂ ਚਲਦੇ ਪੱਖਿਆਂ ਨਾਲ ਵੱਜ ਵੱਜ ਕੇ ਚਿੜੀਆਂ ਦੀ ਮੌਤ ਹੋਣੀ ਸ਼ੁਰੂ ਹੋ ਗਈ। ਇਸ ਤਰ੍ਹਾਂ ਚਿੜੀ ਦੀ ਨਸਲ ਦਾ ਸਾਡੇ ਘਰਾਂ ਵਿੱਚੋ ਸਦਾ ਲਈ ਸਫਾਇਆ ਹੋ ਗਿਆ। ਘਰਾਂ ਵਿੱਚ ਬਿਜਲੀ ਆ ਜਾਣ ਕਾਰਨ ਇਹ ਚਿੜੀਆਂ ਨੀਂਦ ਭਰ ਸੌਂ ਵੀ ਨਾ ਸਕੀਆਂ ਤੇ ਲਗਾਤਾਰ ਮੌਤ ਦੇ ਮੂੰਹ ਵੱਲ ਜਾਂਦੀਆਂ ਰਹੀਆਂ। ਇਹ ਚਿੜੀਆਂ ਸਦੀਆਂ ਤੋਂ ਮਨੁੱਖ ਦੇ ਨਾਲ ਕੱਚੇ ਘਰਾਂ ਵਿੱਚ ਰਹਿੰਦੀਆਂ ਸਨ। ਇਹ ਘਰਾਂ ਦੀਆਂ ਛੱਤਾਂ ਵਿੱਚ ਹੀ ਆਲ੍ਹਣੇ ਬਣਾ ਕੇ ਅੰਡੇ ਦਿੰਦੀਆਂ ਅਤੇ ਬੱਚੇ ਪੈਦਾ ਕਰਦੀਆਂ ਸਨ।ਉਸ ਸਮੇਂ ਘਰ ਕੱਚੇ ਹੁੰਦੇ ਸਨ। ਇਹ ਕਾਨੇ ਸਰਕੰਡੇ ਦੇ ਛੱਤ ਪਾੜ ਕੇ ਜਾਂ ਖਾਲੀ ਥਾਂ ਵੇਖ ਕੇ ਘਰ ਦੇ ਅੰਦਰ ਹੀ ਛੱਤ ਵਿੱਚ ਘਾਹ ਫੂਸ ਇੱਕਠਾ ਕਰ ਕੇ ਆਲ੍ਹਣਾ ਬਣਾ ਲੈਂਦੀਆਂ ਸਨ।ਪਰ ਅਚਾਨਕ ਲੋਕਾਂ ਪੱਕੇ ਮਕਾਨ ਬਣਾਉਣੇ ਸ਼ੁਰੂ ਕਰ ਦਿੱਤੇ। ਲੈਂਟਰ ਵਾਲੇ ਮਕਾਨਾਂ ਵਿੱਚ ਇਹ ਚਿੜੀਆਂ ਆਲ੍ਹਣੇ ਨਹੀ ਬਣਾ ਸਕੀਆਂ। ਇਹ ਚਿੜੀ ਸਿਰਫ ਕੱਚੇ ਘਰਾਂ ਅੰਦਰ ਹੀ ਬਣਾ ਸਕਦੀ ਸੀ। ਲੈਂਟਰ ਵਾਲੀ ਛੱਤ ਤੇ ਘਰ ਦੇ ਅੰਦਰ ਕੋਈ ਥਾਂ ਨਹੀ ਜਿੱਥੇ ਇਹ ਚਿੜੀ ਬੈਠ ਸਕਦੀ ਜਾਂ ਉੱਤਪਤੀ ਕਰ ਸਕਦੀ।



ਇਸ ਲਈ ਅਚਾਨਕ ਆਏ ਨਵੇ ਲੈਂਟਰ ਵਾਲੇ ਛੱਤਾਂ ਕਾਰਨ ਚਿੜੀ ਦੀ ਇਹ ਨਸਲ ਅਗਲੀ ਨਸਲ ਉੱਤਪਤੀ ਹੀ ਨਾ ਕਰ ਸਕੀ। ਇਸ ਘਰੇਲੂ ਚਿੜੀ ਦੇ ਖਾਤਮੇ ਲਈ ਸਾਡਾ ਨਵਾਂ ਰਹਿਣ ਸਹਿਣ ਅਤੇ ਲੈਂਟਰ ਵਾਲੇ ਮਕਾਨਾਂ ਦੀ ਉਸਾਰੀ ਵੀ ਜਿੰਮੇਵਾਰ ਹੈ। ਇਸ ਦੇ ਨਾਲ ਹੀ ਫਸਲਾਂ ਉੱਤੇ ਵੱਡੀ ਮਾਤਰਾ ਵਿੱਚ ਕੀਟਨਾਸ਼ਕ ਦਵਾਈਆਂ ਦਾ ਛਿੜਕਾਓ ਕਰਨ ਨਾਲ ਵੀ ਇਸ ਚਿੜੀ ਦੀ ਨਸਲ ਖਤਮ ਹੋ ਗਈ। ਇਹ ਚਿੜੀ ਫਸਲਾਂ ਦੇ ਦਾਣੇ, ਘਰ ਵਿੱਚ ਮਨੁੱਖ ਵੱਲੋਂ ਤਿਆਰ ਕੀਤੇ ਭੋਜਨ ਦੀ ਰਹਿੰਦਖੂੰਦ, ਵੱਡੀ ਮਾਤਰਾ ਵਿੱਚ ਫਸਲ ਅਤੇ ਘਾਹ ਤੋਂ ਸੁੰਡੀਆਂ, ਕੀਟ ਪਤੰਗੇ ਖਾਂਦੀਆਂ ਸਨ। ਪਰ ਮਨੁੱਖ ਦੁਆਰਾ ਹਰ ਥਾਂ ਕੀਟ ਨਾਸ਼ਕ ਦਵਾਈਆਂ ਦਾ ਛਿੜਕਾਓ ਕਰਨ ਕਾਰਨ ਇਹਨਾਂ ਦੀ ਮੌਤ ਹੋ ਗਈ। ਹੁਣ ਤਾਂ ਬੱਚਿਆਂ ਨੂੰ ਚਿੜੀ ਦੱਸ ਕੇ ਉਦਾਹਰਣ ਦੇ ਕੇ ਸਮਝਾਉਣਾ ਵੀ ਔਖਾ ਹੋ ਗਿਆ ਹੈ ਕਿਉਂਕਿ ਚਿੜੀ ਹੁਣ ਘਰਾਂ ਵਿੱਚ ਲੱਭਦੀ ਹੀ ਨਹੀ ਹੈ। ਮਨੁੱਖ ਦੁਆਰਾ ਕੁਦਰਤ ਨਾਲ ਛੇੜਛਾੜ ਤੇ ਵਾਤਾਵਰਣ ਵਿੱਚ ਆਏ ਵਿਗਾੜ ਦੀ ਸਜ਼ਾ ਪੰਛੀ ਜਗਤ ਅਤੇ ਮਨੁੱਖ ਲਗਾਤਾਰ ਭੋਗ ਰਿਹਾ ਹੈ। ਭਵਿੱਖ ਵਿੱਚ ਵੀ ਇਸ ਦੇ ਮਾੜੇ ਸਿੱਟੇ ਸਾਹਮਣੇ ਆਉਣਗੇ।

-ਪਠਾਨਕੋਟ

### ਹਾਰਦਿਕ ਵਧਾਈ

ਸੈਣੀ ਭਵਨ ਦੇ ਟ੍ਰਸਟੀ ਸ. ਅਜੀਤ ਸਿੰਘ ਪੁੱਤਰ ਸ. ਲਾਲ ਸਿੰਘ ਕਲਾਥ ਮਰਚੈਂਟ ਰੋਪੜ ਦੇ ਘਰ ਪਰਮਾਤਮਾ ਨੇ ਪੋਤਰੇ ਦੀ ਦਾਤ ਬਖਸ਼ੀ ਹੈ। ਸੰਸਥਾ ਦੇ ਪ੍ਰਬੰਧਕ ਪਰਿਵਾਰ ਨੂੰ ਵਧਾਈ ਦਿੰਦੇ ਹਨ ਅਤੇ ਬੱਚੇ ਦੇ ਖੁਸ਼ਹਾਲ ਜੀਵਨ ਲਈ ਅਰਦਾਸ ਕਰਦੇ ਹਨ।

"ਮਿਜ਼ਾਇਲ ਮੈਨ"

# ਸਾਬਕਾ ਰਾਸ਼ਟਰਪਤੀ ਅਬਦੁੱਲ ਕਲਾਮ ਨੂੰ ਹੰਝੂਆਂ ਭਰੀ ਅਲਵਿਦਾ

ਐਲ. ਆਰ. ਮੁੰਦਰਾ



"ਮਿਜ਼ਾਇਲ ਮੈਨ" ਅਤੇ ਲੋਕਾਂ ਦੇ ਰਾਸ਼ਟਰਪਤੀ ਵਜੋਂ ਜਾਣੇ ਜਾਂਦੇ ਹਰਮਨ ਪਿਆਰੇ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁੱਲ ਕਲਾਮ 27 ਜੁਲਾਈ, 2015 ਨੂੰ ਇਸ ਫਾਨੀ ਸੰਸਾਰ ਤੋਂ ਵਿਦਾਈ ਲੈ ਗਏ ਹਨ। ਸਮੁੱਚਾ ਜੀਵਨ ਦੇਸ਼ ਦੇ ਲੇਖੇ ਲਾਉਣ ਵਾਲੇ 84 ਵਰ੍ਹਿਆਂ ਦੇ ਡਾਕਟਰ ਕਲਾਮ ਦੇ ਜਾਣ ਨਾਲ ਦੇਸ਼ ਦਾ ਇੱਕ ਮਹਾਨ ਕਰਮਜੋਗੀ ਕੌਮੀ ਨਾਇਕ ਖੁੱਸ ਗਿਆ ਹੈ। ਡਾ. ਕਲਾਮ ਨੇ ਆਪਣਾ ਆਖ਼ਰੀ ਸਾਹ ਵੀ ਲੋਕਾਂ ਲਈ 'ਧਰਤੀ ਤੇ ਜੀਵਨ' ਵਿਸ਼ੇ ਤੇ ਵਿਚਾਰ ਪ੍ਰਗਟ ਕਰਦਿਆਂ ਲਿਆ। ਰਾਸ਼ਟਰਪਤੀ ਬਣਨ ਦੇ ਬਾਵਜੂਦ ਬੇਹੱਦ ਸਾਦਾ ਜੀਵਨ ਬਿਤਾਉਣ ਵਾਲੇ ਉਹ ਭਾਰਤ ਦੇ ਪਹਿਲੇ ਰਾਸ਼ਟਰਪਤੀ ਸਨ। ਉਹ ਭਾਵੇਂ ਨਾਮੀ ਵਿਗਿਆਨੀ ਸਨ ਪਰ ਮਾਨਵੀ ਜੀਵਨ ਦੇ ਹਰ ਵਰਗ ਦੇ ਲੋਕਾਂ ਬੱਚਿਆਂ, ਬਜ਼ੁਰਗਾਂ, ਵਿਦਿਆਥੀਆਂ, ਖਿਡਾਰੀਆਂ, ਸਿਆਸਤਦਾਨਾਂ, ਬੁੱਧੀਜੀਵੀਆਂ ਅਤੇ ਵਿਗਿਆਨਕਾਂ ਦੇ ਚਹੇਤੇ ਸਨ। ਉਨ੍ਹਾਂ ਨੂੰ ਕਲਾ, ਸੰਗੀਤ ਅਤੇ ਸਾਹਿਤ ਨਾਲ ਵੀ ਮੋਹ ਸੀ। ਉਨ੍ਹਾਂ ਸਵੈ ਜੀਵਨੀ "ਅਗਨੀ-ਪੰਖ" ਤੋਂ ਇਲਾਵਾ ਇੱਕ ਦਰਜਨ ਤੋਂ ਵੀ ਵੱਧ ਪੁਸਤਕਾਂ ਸਾਹਿਤ ਜਗਤ ਦੀ ਝੋਲੀ ਪਾਈਆ। ਉਨ੍ਹਾਂ ਦੇ ਜੀਵਨ ਦੀ ਇਹ ਮਹਾਨਤਾ ਰਹੀ ਕਿ ਉਹ ਸਿਆਸੀ ਜੋੜ-ਤੋੜ ਤੋਂ ਨਿਰਲੇਪ ਰਹੇ।




15 ਅਕਤੂਬਰ 1931 ਨੂੰ ਤਾਮਿਲਨਾਡੂ ਦੇ ਇੱਕ ਗ਼ਰੀਬ ਸਾਧਾਰਨ ਮੁਸਲਿਮ ਪਰਿਵਾਰ ਵਿੱਚ ਜਨਮੇ ਡਾ. ਕਲਾਮ ਦਾ ਜੀਵਨ ਦੇਸ਼ ਵਾਸੀਆਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਦੇ ਪਿਤਾ ਮਛੇਰੇ ਸਨ। ਆਪਣੀ ਪੜਾਈ ਕਰਨ ਲਈ ਉਨ੍ਹਾਂ ਨੂੰ ਅਖ਼ਬਾਰ ਵੀ ਵੇਚਣੇ ਪਏ ਅਤੇ ਮਦਰਾਸ ਯੂਨੀਵਰਸਿਟੀ ਤੋਂ ਸਾਇੰਸ ਵਿੱਚ ਡਿਗਰੀ ਕਰਨ ਉਪਰੰਤ ਅੱਗੇ ਏਅਰੋਸਪੇਸ ਇੰਜਨੀਅਰਿੰਗ ਵਿੱਚ ਦਾਖਲਾ ਲੈਣ ਲਈ ਆਪਣੀ ਭੈਣ ਦੇ ਗਹਿਣੇ ਵੀ ਵੇਚਣੇ ਪਏ। ਉਨ੍ਹਾਂ ਡੀਆਰਡੀਓ ਵਿੱਚ ਬਤੌਰ ਵਿਗਿਆਨੀ ਆਪਣਾ ਕਰੀਅਰ ਆਰੰਭ ਕੀਤਾ। ਇਸਰੋ ਵਿੱਚ ਯੁਵਾ ਵਿਗਿਆਨੀ ਦੇ ਤੌਰ 'ਤੇ ਪ੍ਰਸਿੱਧ ਵਿਗਿਆਨੀ ਡਾ. ਵਿਕਰਮ ਸਾਰਾਭਾਈ ਦੀ ਅਗਵਾਈ ਵਿੱਚ ਖੋਜ ਕਾਰਜਾਂ ਦੀਆਂ ਬੁਲੰਦੀਆਂ ਛੂਹੀਆਂ। 1970 ਤੋਂ 1990 ਦੇ ਦੌਰਾਨ ਡਾ. ਕਲਾਮ ਨੇ ਦੇਸ਼ ਦੀਆਂ ਮਹੱਤਵਪੂਰਨ ਪੁਲਾੜੀ ਯੋਜਨਾਵਾਂ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਮਿਜ਼ਾਈਲ ਪ੍ਰੋਗਰਾਮ ਤਹਿਤ "ਅਗਨੀ ਅਤੇ ਪ੍ਰਿਥਵੀ" ਮਿਜ਼ਾਈਲਾਂ ਤਿਆਰ ਕਰਨ ਵਿੱਚ ਯੋਗਦਾਨ ਪਾਇਆ। 1992-99 ਦੌਰਾਨ ਪ੍ਰਧਾਨ ਮੰਤਰੀ ਦੇ ਵਿਗਿਆਨਕ ਸਲਾਹਕਾਰ ਦੇ ਰੂਪ ਵਿੱਚ ਉਨ੍ਹਾਂ ਦੀ ਅਗਵਾਈ ਹੇਠ ਪੋਖਰਨ-2 ਪਰਮਾਣੂ ਤਜਰਬਾ ਸੰਪੰਨ ਹੋਇਆ। ਉਨ੍ਹਾਂ ਦੇਸ਼ ਲਈ ਵਿਗਿਆਨਕ ਖੋਜਾਂ ਨੂੰ ਪਹਿਲ ਦੇਣ ਲਈ ਅਟਲ ਬਿਹਾਰੀ ਵਾਜਪਾਈ ਵੱਲੋਂ ਮੰਤਰੀ ਬਨਣ ਦੀ ਪੇਸ਼ਕਸ਼ ਵੀ ਠੁਕਰਾ ਦਿੱਤੀ ਸੀ। ਵਿਗਿਆਨਕ ਖੋਜਾਂ ਬਦਲੇ ਉਨ੍ਹਾਂ ਨੂੰ 1997 ਵਿੱਚ "ਭਾਰਤ ਰਤਨ" ਨਾਲ ਨਿਵਾਜਿਆ ਗਿਆ। ਵਿਗਿਆਨ ਦੇ ਖੇਤਰ ਵਿੱਚ ਯੋਗਦਾਨ ਤੋਂ ਇਲਾਵਾ ਡਾ. ਕਲਾਮ ਨੇ ਦਿਲ ਦੇ ਰੋਗੀਆਂ ਲਈ ਸਟੰਟ ਬਣਾਉਣ ਅਤੇ ਅੰਗਹੀਣਾਂ ਲਈ ਨਕਲੀ ਪੈਰ ਬਣਾਉਣ ਲਈ ਹਲਕੀ ਅਤੇ ਮਜ਼ਬੂਤ ਧਾਤ ਦੀ ਖੋਜ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਜੁਲਾਈ 2002 ਤੋਂ 2007 ਤੱਕ ਰਾਸ਼ਰਪਤੀ ਵਜੋਂ ਡਾ. ਕਲਾਮ ਨੇ ਦੇਸ਼ ਦੀ ਅਗਵਾਈ ਕੀਤੀ। ਰਾਸ਼ਟਰਪਤੀ ਦਾ ਅਹੁਦਾ ਛੱਡਣ ਉਪਰੰਤ ਵੀ ਉਹ ਜੀਵਨ ਦੇ ਅੰਤਮ ਪਲਾਂ ਤੱਕ ਲੋਕ ਹਿਤਾਂ ਨੂੰ ਸਮਰਪਿਤ ਰਹੇ। ਉਨ੍ਹਾਂ ਨੇ ਆਪਣੇ ਸਮੁੱਚੇ ਜੀਵਨ ਦੌਰਾਨ ਸਾਦਗ਼ੀ, ਨਿਮਰਤਾ, ਮਿਹਨਤ ਅਤੇ ਇਮਾਨਦਾਰੀ ਤੇ ਪਹਿਰਾ ਦਿਤਾ। ਦੇਸ਼ ਵਾਸੀਆਂ ਲਈ ਰਾਹਦਸੇਰਾ ਡਾ. ਕਲਾਮ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਨਿੱਜ ਤੋਂ ਉੱਪਰ ਉੱਠ ਕੇ ਮੁਲਕ ਤੇ ਕੌਮ ਲਈ ਨਿਰਸੁਆਰਥ ਕਾਰਜ ਕਰੀਏ।

## ਲੜਕੀਆਂ ਦਾ ਕਮਾਲ

ਪਾਕਿਸਤਾਨ ਵਿੱਚ ਨਨਕਾਣਾ ਸਾਹਿਬ ਦੀ ਰਹਿਣ ਵਾਲੀ 15 ਸਾਲ ਦੀ ਸਿੱਖ ਲੜਕੀ ਮਨਬੀਰ ਕੌਰ ਇਸ ਸਾਲ ਹੋਈ ਸੈਕੰਡਰੀ ਪ੍ਰੀਖਿਆ 'ਚ ਦਸਵੀਂ ਵਿੱਚ 1100 'ਚੋਂ 1035 ਅੰਕ ਪ੍ਰਾਪਤ ਕਰਕੇ ਅੱਵਲ ਆਈ ਹੈ। ਇਸ ਬੇਟੀ ਨੇ ਸਿੱਖੀ ਦੀ ਸ਼ਾਨ ਵਧਾਈ ਹੈ। ਉਸ ਦੇ ਪਿਤਾ ਗਿਆਨੀ ਪ੍ਰੇਮ ਸਿੰਘ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਹਨ। ਇਸ ਹੋਣਹਾਰ ਬੱਚੀ ਦਾ ਸਪਨਾ ਡਾਕਟਰ ਬਨਣ ਦਾ ਹੈ। ਪਾਕਿਸਤਾਨ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਘੱਟ ਗਿਣਤੀ ਵਿੱਚ ਅੱਵਲ ਆਉਣ ਵਾਲੀ ਸਿੱਖ ਲੜਕੀ ਨੂੰ ਇਕ ਲੱਖ ਰੁਪਏ ਦਾ ਇਨਾਮ ਦਿੱਤਾ ਹੈ। ਮਨਬੀਰ ਕੌਰ ਨੂੰ ਇਸ ਵੱਡੀ ਪ੍ਰਾਪਤੀ ਲਈ ਲੱਖ ਲੱਖ ਵਧਾਈ ਹੋਵੇ।

ਪਾਕਿਸਤਾਨ 'ਚ ਇੱਕ ਹਿੰਦੂ ਲੜਕੀ ਕ੍ਰਿਸ਼ਮਾ ਕੁਮਾਰੀ ਨੇ ਇੰਟਰਮੀਡੀਅਮ ਪ੍ਰੀ-ਮੈਡੀਕਲ ਪ੍ਰੀਖਿਆ ਟੈਸਟ ( ਪੀਐਮਈਟੀ) ਵਿੱਚੋਂ ਅਵੱਲ ਆ ਕੇ ਕਮਾਲ ਕਰ ਵਿਖਾਇਆ ਹੈ। ਕਰਾਚੀ ਦੇ ਡੀ.ਏ. ਡਿਗਰੀ ਵੋਮੈਨ ਕਾਲਜ ਦੀ ਇਸ ਲੜਕੀ ਨੇ 1100 ਵਿੱਚੋਂ 999 ਅੰਕ ਪ੍ਰਾਪਤ ਕੀਤੇ ਹਨ। ਇਸ ਟੈਸਟ ਵਿੱਚ 20855 ਵਿਦਿਆਰਥੀ ਬੈਠੇ ਸਨ। ਕਰਾਚੀ ਇੰਟਰਮੀਡੀਅਮ ਬੋਰਡ ਨੇ ਕ੍ਰਿਸ਼ਮਾ ਕੁਮਾਰੀ ਨੂੰ ਅਵੱਲ ਆਉਣ 'ਤੇ 50 ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਉਹ ਕਰਾਚੀ ਵਿੱਚ ਇੱਕ ਡਾਕਟਰ ਦੀ ਬੇਟੀ ਹੈ ਅਤੇ ਭੱਵਿਖ ਵਿੱਚ ਇਸਤਰੀ ਰੋਗਾਂ ਦੀ ਮਾਹਿਰ ਬਨਣਾ ਚਾਹੁੰਦੀ ਹੈ। ਪਾਕਿਸਤਾਨ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਹਿੰਦੂ ਵਿਦਿਆਰਥੀ ਨੇ ਇਹ ਬਾਜ਼ੀ ਮਾਰੀ ਹੈ।

## ਗ਼ਜ਼ਲ

:- ਗੁਰਪ੍ਰੀਤ ਕੌਰ ਸੈਣੀ 'ਪ੍ਰੀਤ'

ਇਸ ਖ਼ੁਦਗਰਜ਼ ਜ਼ਮਾਨੇ ਵਿਚ ਨਾ ਕੋਈ ਦਰਦਖ਼ਾਹ ਮੇਰਾ,
ਦੁਸ਼ਮਨ ਹੀ ਬਣੀ ਜਾਂਦਾ ਹੈ, ਹਰ ਇਕ ਖੈਰਖ਼ਾਹ ਮੇਰਾ।
ਮੈਨੂੰ ਤਾਂ ਹਰ ਪਰਾਇਆ ਵੀ ਆਪਣਾ ਜਿਹਾ ਲਗਦੈ ਸਦਾ,
ਦੁਨੀਆਂ ਦੀ ਹਰ ਇਕ ਸ਼ੈਅ ਤੋਂ ਦਿਲ ਹੈ ਬੇਪਰਵਾਹ ਮੇਰਾ।
ਭਾਵੇਂ ਵਰਮੀਆਂ 'ਚ ਹਥ ਪਾਉਣਾ ਆਸਾਨ ਨਹੀਂ ਏ ਦੋਸਤੋ,
"ਲੋੜਬੰਦਾਂ ਦੀ ਸੇਵਾ ਕਰਨੀ" ਆਖੇ ਹਰ ਇਕ ਸਾਹ ਮੇਰਾ।
ਦੂਜੇ ਦੇ ਹੱਥਾਂ ਦੇ ਵੱਲ ਹੀ ਵੇਖਣ ਸਦਾ ਸਦਾ ਹੀ ਜੋ,
ਐਸੇ ਸਵਾਰਥੀ ਮਿਤਰਾਂ ਨਾਲ ਵੀ ਰਹਿੰਦਾ ਆਖ਼ਰ ਵਾਹ ਮੇਰਾ।
ਖ਼ੌਫ਼ਨਾਕ ਜਿਹਾ ਲੱਗਦਾ ਏਥੇ, ਹਰ ਕੋਈ ਹੁਣ ਆਦਮੀ,
ਐਪਰ ਕੁਸ਼ਤੋਂ-ਖ਼ੂਨ ਤੋਂ, ਪਵਿੱਤਰ ਹੈ ਹਰ ਰਾਹ ਮੇਰਾ।
ਗ਼ੁਫਤਗੂ ਤਾਂ ਕਰ ਲਵਾਂ, ਕੁਝ ਪਲ ਤੁਸਾਂ ਦੇ ਨਾਲ ਪਰ,
ਇਕ-ਦਮੀ ਹਾਂ 'ਪ੍ਰੀਤ' ਖਵਰੇ, ਕਿੱਥੇ ਮੁੱਕ ਜਏ ਸਾਹ ਮੇਰਾ।

-ਹਿਸਾਰ

094660-12433

## ਸੈਣੀ ਬਰਾਦਰੀ ਦਾ ਵਫਦ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਨੂੰ ਮਿਲਿਆ

ਸੈਣੀ ਬਰਾਦਰੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੈਣੀ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ 'ਚ ਸ਼ਾਮਿਲ ਕਰਕੇ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ। ਇਸ ਸਬੰਧ ਵਿੱਚ ਸੈਣੀ ਬਰਾਦਰੀ ਦੇ ਇੱਕ ਵਫਦ ਨੇ ਅਗਸਤ, 2015 ਦੇ ਪਹਿਲੇ ਸਪਤਾਹ ਦੌਰਾਨ ਸ਼੍ਰੀ ਤਰਸੇਮ ਸੈਣੀ ਦੀ ਅਗਵਾਈ ਵਿੱਚ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੂੰ ਮੰਗ ਪੱਤਰ ਸੌਂਪਿਆ। ਆਗੂਆਂ ਨੇ ਮੰਗ ਪੱਤਰ ਵਿੱਚ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਸੈਣੀ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ 'ਚ ਸ਼ਾਮਿਲ ਕਰਕੇ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ , ਪਰ ਪੰਜਾਬ ਸਰਕਾਰ ਇਸ ਤੋਂ ਇਨਕਾਰੀ ਹੈ। ਪ੍ਰੋ. ਬੰਡੂਗਰ ਨੇ ਕਮਿਸ਼ਨ ਦੇ ਸਮੂਹ ਮੈਂਬਰਾਂ ਦੀ ਹਾਜ਼ਰੀ ਵਿੱਚ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਇਸ ਬਾਰੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨਾਲ ਵਿਚਾਰ ਕਰਨਗੇ ਤੇ ਇਸ ਮੁਸ਼ਕਲ ਦਾ ਹੱਲ ਕਰਨ ਲਈ ਯਤਨ ਕਰਨਗੇ। ਵਫਦ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਨੁਮਾਇੰਦੇ ਸ਼ਾਮਿਲ ਸਨ। ਇਸੇ ਮੁੱਦੇ ਨੂੰ ਲੈਕੇ ਸੈਣੀ ਬਰਾਦਰੀ ਦਾ ਪੰਜਾਬ ਪੱਧਰ ਦਾ ਇੱਕ ਇੱਕਠ ਵੀ ਨਵਾਂਸ਼ਹਿਰ ਜ਼ਿਲ੍ਹੇ ਦੇ ਕਸਬਾ ਰਾਹੋਂ ਵਿਖੇ ਜੁਲਾਈ ਮਹੀਨੇ 'ਚ ਕੀਤਾ ਗਿਆ। ਇਸ ਵਿੱਚ ਵੀ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਨੇ ਸੈਣੀ ਬਰਾਦਰੀ ਨੂੰ ਓ.ਬੀ.ਸੀ. ਵਰਗਾਂ ਦਾ ਲਾਭ ਦੇਣ ਲਈ ਜੋ ਪੱਤਰ ਜਾਰੀ ਕੀਤਾ ਹੈ ਉਸ ਤੇ ਲਗਾਈ ਗਈ ਰੋਕ ਹਟਾਈ ਜਾਵੇ।

## ਮਾਇਕ ਸਹਾਇਤਾ ਲਈ ਧੰਨਵਾਦ

- ਭਾਰਤ ਗੌਰਵ ਨਾਲ ਸਨਮਾਨਿਤ **ਐਡਵੋਕੇਟ ਸ. ਬਲਦੇਵ ਸਿੰਘ ਮੁੰਦਰਾ** ਹਵੇਲੀ ਕਲਾਂ (ਹਾਲ ਵਾਸੀ ਮੁੰਬਈ) ਆਪਣੀ ਧਰਮਪਤਨੀ ਜਸਪਾਲ ਕੌਰ ਦੇ ਨਾਂ 'ਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਰੈਗੂਲਰ ਸਕਾਲਰਸ਼ਿਪ ਦੇਣ ਲਈ ਉਦਾਰਦਿਲੀ ਨਾਲ ਲਗਾਤਾਰ ਦਾਨ ਭੇਜ ਰਹੇ ਹਨ। ਉਨ੍ਹਾ ਵਲੋਂ ਇਸ ਸਬੰਧ ਵਿੱਚ **3 ਲੱਖ 55 ਹਜ਼ਾਰ** ਰੁਪਏ ਹੋਰ ਭੇਜੇ ਗਏ ਹਨ। ਹੁਣ ਉਨ੍ਹਾਂ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਰੈਗੂਲਰ ਸਕਾਲਰਸ਼ਿਪ ਦੇਣ ਲਈ ਰਕਮ ਵੱਧ ਕੇ 10 ਲੱਖ 55 ਹਜ਼ਾਰ ਰੁਪਏ ਹੋ ਗਈ ਹੈ।
- ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਮਹਾਂਦਾਨੀ ਕਰਨਲ ਜੀ. ਆਰ. ਸੈਣੀ ਦੀ ਦੋਹਤ ਨੂੰਹ **ਸ਼੍ਰੀਮਤੀ ਗੁਰਜਿੰਦਰ ਕੌਰ** ਪਤਨੀ ਸ਼੍ਰੀ ਰਾਜੇਸ਼ ਚੌਧਰੀ ਵਾਸੀ ਡੀ.ਸੀ. ਰੋਡ ਹੁਸ਼ਿਆਰਪੁਰ ਨੇ ਸੰਸਥਾ ਨੂੰ ਲੋੜਵੰਦ ਵਿਦਿਆਰਥੀਆਂ ਨੂੰ ਰੈਗੂਲਰ ਸਕਾਲਰਸ਼ਿਪ ਦੇਣ ਲਈ **25 ਹਜ਼ਾਰ ਰੁਪਏ** ਦੀ ਰਾਸ਼ੀ ਦਾਨ ਕੀਤੀ ਹੈ। ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਪ੍ਰਬੰਧਕ ਇਨ੍ਹਾਂ ਦਾਨੀਆਂ ਦਾ ਹਮੇਸ਼ਾ ਧੰਨਵਾਦੀ ਰਹਿਣਗੇ।

## ਵਿਦੇਸ਼ਾਂ ਵਿੱਚ ਸੈਣੀ

ਵਿਦੇਸ਼ਾਂ ਵਿੱਚ ਰਹਿੰਦੇ ਬਰਾਦਰੀ ਦੇ ਪ੍ਰੀਵਾਰ ਆਪਣੀ ਸਾਂਝ ਨੂੰ ਅਕਸਰ ਤਰੋ-ਤਾਜ਼ਾ ਕਰਦੇ ਰਹਿੰਦੇ ਹਨ। ਆਪਣੀ ਇਸ ਸਾਂਝ ਨੂੰ ਸਦੀਵੀ ਬਣਾਈ ਰੱਖਣ ਲਈ ਕੈਨੇਡਾ 'ਚ ਨਾਰਥ ਅਮਰੀਕਨ ਸੈਣੀ ਕਲਚਰਲ ਐਸੋਸੀਏਸ਼ਨ (ਐਨ.ਏ.ਐਸ.ਸੀ.ਏ.) ਵੱਲੋਂ ਹਰ ਸਾਲ ਪਿਕਨਿਕ ਦਾ ਆਯੋਜਿਨ ਕੀਤਾ ਜਾਂਦਾ ਹੈ। ਇਸ ਸਾਲ ਐਸੋਸੀਏਸ਼ਨ ਨੇ 16 ਅਗਸਤ, 2015 ਨੂੰ ਸਾਲਾਨਾ ਪਿਕਨਿਕ ਦਾ ਆਯੋਜਿਨ ਕੀਤਾ।



ਇਸ ਵਿੱਚ ਸੈਣੀ ਬਰਾਦਰੀ ਦੇ ਪ੍ਰੀਵਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਪਿਕਨਿਕ ਵਿੱਚ ਬੱਚਿਆਂ, ਇਸਤ੍ਰੀਆਂ ਤੇ ਬਜ਼ੁਰਗਾਂ ਦੀਆਂ ਖੇਡਾਂ, ਦੌੜਾਂ, ਰੱਸਾਕਸੀ ਦੇ ਮੁਕਾਬਲੇ ਕਰਵਾਏ ਗਏ। ਖਾਣ-ਪੀਣ ਦੇ ਵਧੀਆ ਪਕਵਾਨਾਂ ਦਾ ਅਨੰਦ ਮਾਣਿਆ ਗਿਆ। ਇਸ ਵਰ੍ਹੇ ਸੈਣੀ ਭਵਨ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਗੁਰਮੁੱਖ ਸਿੰਘ ਲੌਂਗੀਆ ਨੂੰ ਇਸ ਪਿਕਨਿਕ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ। ਐਨ.ਏ.ਐਸ.ਸੀ.ਏ. ਕੈਨੇਡਾ ਵੱਲੋਂ ਇਸ ਮੌਕੇ ਸ. ਗੁਰਮੁੱਖ ਸਿੰਘ ਲੌਂਗੀਆ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਤੋਂ ਜੇਤੂਆਂ ਨੂੰ ਮੈਡਲ ਦਿਵਾਏ ਗਏ।

## ਸੈਣੀ ਬਰਾਦਰੀ ਦਾ ਮਾਣ

### ਜੂਡੋ ਕੋਚ ਸੁਖਵਿੰਦਰ ਸੈਣੀ :

ਦਿੱਲੀ ਦੇ ਖੇਡ ਵਿਭਾਗ ਦੀ ਜੂਡੋ ਕੋਚ ਸੁਖਵਿੰਦਰ ਸੈਣੀ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਰਵੋਤਮ ਕੋਚ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਸੁਖਵਿੰਦਰ ਸਾਬਕਾ ਕੌਮਾਂਤਰੀ ਖਿਡਾਰਨ ਹੈ ਅਤੇ ਨਾ ਹੀ ਉਹ 'ਏ' ਗਰੇਡ ਰੈਫਰੀ ਵੀ ਹੈ। ਉਹ ਦਿੱਲੀ ਵਿੱਚ ਪਿਛਲੇ 11 ਸਾਲਾਂ ਤੋਂ ਕੋਚ ਵਜੋਂ ਸੇਵਾਵਾਂ ਦੇ ਰਹੇ ਹਨ। ਸੁਖਵਿੰਦਰ ਦੇ ਮਾਰਗਦਰਸ਼ਨ ਵਿੱਚ ਦਿੱਲੀ ਦੇ ਸਕੂਲੀ ਵਿਦਿਆਰਥੀਆਂ ਨੇ ਭਾਰਤੀ ਸਕੂਲ ਖੇਡ ਫੈਡਰੇਸ਼ਨ ਖੇਡਾਂ ਵਿੱਚ ਵੱਡੀ ਗਿਣਤੀ ਵਿੱਚ ਤਗ਼ਮੇ ਜਿੱਤੇ ਹਨ। ਸੁਖਵਿੰਦਰ ਦਾ ਪਤੀ ਚੰਦਰ ਸੈਣੀ ਵੀ ਜੂਡੋ ਦਾ ਕੌਮਾਂਤਰੀ ਖਿਡਾਰੀ ਰਹਿ ਚੁੱਕਾ ਹੈ।

❖❖❖

### ਲੇਖਿਕਾ ਸੁਰਿੰਦਰ ਸੈਣੀ:-

ਉਘੀ ਲੇਖਿਕਾ ਸਰਿੰਦਰ ਸੈਣੀ ਦੀ ਪੁਸਤਕ "ਚੰਨਾਂ ਦੂਰ ਦਿਆ" ਦੀ ਰੂਪਨਗਰ ਵਿਖੇ 21 ਅਗਸਤ ਨੂੰ ਘੁੰਡ ਚੁਕਾਈ ਹੋਈ ਹੈ। ਲੇਖਕਾਂ ਨੂੰ ਇਸ ਪ੍ਰਾਪਤੀ ਦੀ ਬਹੁਤ ਬਹੁਤ ਵਧਾਈ।

❖❖❖

### ਤੈਰਾਕ ਜਸ਼ਨਦੀਪ :

ਨੂੰ 7 ਲੱਖ ਦਾ ਨਕਦ ਇਨਾਮ:-ਤੈਰਾਕ ਜਸ਼ਨਦੀਪ ਸਿੰਘ ਪੁੱਤਰ ਪਰਮਜੀਤ ਸਿੰਘ, ਰੂਪਨਗਰ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ 21 ਸੋਨੇ ਦੇ ਤਗਮੇ ਜਿੱਤੇ ਸਨ ਅਤੇ ਵਿਸ਼ਵ ਯੂਨੀਵਰਸਿਟੀ ਖੇਡਾਂ, ਸਾਊਥ ਕੋਰੀਆ ਵਿਖੇ ਭਾਰਤ ਦੀ ਨੁਮਾਇੰਦਗੀ ਕੀਤੀ ਸੀ। ਇਸ ਵੱਡੀ ਪ੍ਰਾਪਤੀ ਲਈ ਅੰਤਰਰਾਸ਼ਟੀ ਤੈਰਾਕ ਜਸ਼ਨਦੀਪ ਨੂੰ ਪੰਜਾਬ ਸਰਕਾਰ ਨੇ ਸਨਮਾਨ 'ਚ 7 ਲੱਖ ਨਕਦ ਇਨਾਮ ਐਲਾਨ ਕੀਤਾ ਗਿਆ। ਜਿਸ ਵਿੱਚੋਂ ਉਸ ਨੂੰ ਲਵਲੀ ਯੂਨੀਵਰਸਿਟੀ ਵਿਚ ਕਰਵਾਏ ਗਏ ਸਮਾਗਮ ਦੌਰਾਨ 4.84 ਲੱਖ ਰੁਪਏ ਦਾ ਚੈੱਕ ਦੇ ਕੇ ਸਨਮਾਨਿਤ ਕੀਤਾ ਗਿਆ।

**ਸਫਲਤਾ ਤੇ ਵਧਾਈ**

ਅੰਬੁਜਾ ਮਨੋਵਿਕਾਸ ਕੇਂਦਰ ਸਪੈਸ਼ਲ ਸਕੂਲ, ਸਲੋਰਾ (ਰੂਪਨਗਰ) ਦੇ ਦੋ ਐਥਲੀਟਾਂ ਨੇ ਵਿਸ਼ਵ ਸਮਰ ਸਪੈਸ਼ਲ ਉਲਿੰਪਿਕਸ 2015 ਵਿਚ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ। ਇਸ ਕੇਂਦਰ ਦੀ ਮੀਰਾ ਕੁਮਾਰੀ ਨੇ ਸਾਇਕਲਿੰਗ ਵਿਚ ਗੋਲਡ ਮੈਡਲ ਅਤੇ ਪਵਨਦੀਪ ਸਿੰਘ ਨੇ ਬਾਸਕੇਟਬਾਲ ਵਿਚ ਬ੍ਰੌਂਜ ਮੈਡਲ ਜਿੱਤੇ ਹਨ। ਅੰਬੁਜਾ ਮਨੋਵਿਕਾਸ ਕੇਂਦਰ ਦੇ ਇਨ੍ਹਾਂ ਸਪੈਸ਼ਲ ਐਥਲੀਟ ਬੱਚਿਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਜ਼ਿਲ੍ਹਾ ਰੂਪਨਗਰ ਨੂੰ ਮਾਣ ਦਿਵਾਇਆ ਹੈ। ਜਿਸ ਲਈ ਕੇਂਦਰ ਦੇ ਪ੍ਰਬੰਧਕ ਅਤੇ ਦੋਵੇਂ ਬੱਚੇ ਤੇ ਉਨ੍ਹਾਂ ਦੇ ਮਾਂ-ਬਾਪ ਵਧਾਈ ਦੇ ਪਾਤਰ ਹਨ।

## ਸੱਤ ਸਮੁੰਦਰੋਂ ਪਾਰ

• ਲਾਸ ਏਂਜਲਸ ਵਿੱਚ ਸਪੈਸ਼ਲ ਓਲੰਪਿਕ ਵਿਸ਼ਵ ਖੇਡਾਂ ਵਿੱਚੋਂ ਸੋਨੇ ਦਾ ਤਗ਼ਮਾ ਜਿੱਤਣ ਵਾਲੇ ਗੋਲਫਰ ਰਣਵੀਰ ਸਿੰਘ ਸੈਣੀ ਪਹਿਲਾ ਭਾਰਤੀ ਗੋਲਫਰ ਹੈ। ਮਿਲਖਾ ਸਿੰਘ ਨੇ ਵਧਾਈ ਦਿੰਦਿਆਂ ਕਿਹਾ, ਆਟਿਜ਼ਮਾ ਨਾਲ ਪੀੜਤ ਇਸ ਖਿਡਾਰੀ ਨੇ ਕਰੋੜਾਂ ਭਾਰਤੀਆਂ ਸਾਹਮਣੇ ਮਿਸਾਲ ਪੇਸ਼ ਕੀਤੀ ਹੈ ਕਿ ਆਤਮਵਿਸ਼ਵਾਸ ਅਤੇ ਸਖ਼ਤ ਮਿਹਨਤ ਨਾਲ ਕੁੱਝ ਵੀ ਹਾਸਲ ਕੀਤਾ ਜਾ ਸਕਦਾ ਹੈ। ਭਾਰਤ ਦੇ ਸਟਾਰ ਗੋਲਫਰ ਜੀਵ ਮੀਲਖਾ ਸਿੰਘ ਨੇ ਵੀ ਰਣਵੀਰ ਸੈਣੀ ਨੂੰ ਇਸ ਜਿੱਤ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਇਸ ਲੜਕੇ ਨੇ ਪੂਰੇ ਵਿਸ਼ਵ ਭਾਰਤ ਦਾ ਸਿਰ ਉੱਚਾ ਕੀਤਾ ਹੈ।

❖❖❖

• ਅਸਟ੍ਰੇਲੀਆ ਦੇ ਡਾਰਵਿਨ ਸ਼ਹਿਰ 'ਚ ਬੀਤੇ ਤਿੰਨ ਸਾਲਾਂ ਤੋਂ ਨਿਆਸਰਿਆਂ ਨੂੰ ਲੰਗਰ ਛਕਾਉਣ ਵਾਲੇ ਭਾਰਤੀ ਮੂਲ ਦੇ ਪਗੜੀਧਾਰੀ ਸਿੱਖ ਡਰਾਇਵਰ ਤਜਿੰਦਰ ਪਾਲ ਸਿੰਘ ਨੂੰ 'ਅਸਟ੍ਰੇਲੀਅਨ ਆਫ਼ ਦਿ ਡੇਅ' ਪੁਰਸਕਾਰ ਪਿਛਲੇ 35 ਸਾਲਾਂ ਤੋਂ ਉਸ ਵਿਅਕਤੀ ਨੂੰ ਦਿੱਤਾ ਜਾ ਰਿਹਾ ਹੈ ਜਿਸਨੇ ਨਿਵੇਕਲੇ ਢੰਗ ਨਾਲ ਦੇਸ਼ 'ਚ ਪਛਾਣ ਬਣਾਈ ਹੈ। ਸ਼੍ਰੀ ਤੇਜਿੰਦਰਪਾਲ ਸਿੰਘ ਮਹੀਨੇ ਦੇ ਆਖਰੀ ਐਤਵਾਰ ਨੂੰ ਗਰੀਬ ਅਤੇ ਬੇਘਰੇ ਲੋਕਾਂ ਨੂੰ ਲੰਗਰ ਛਕਾਉਂਦਾ ਆ ਰਿਹਾ ਹੈ। ਉਹ 30 ਕਿਲੋ ਭਾਰਤੀ ਖਾਣਾ ਤਿਆਰ ਕਰਦਾ ਹੈ ਅਤੇ ਫਿਰ ਰਾਤ ਦੀ ਆਪਣੀ ਡਿਊਟੀ ਖ਼ਤਮ ਕਰਕੇ ਗ਼ਰੀਬ ਲੋਕਾਂ ਨੂੰ ਲੰਗਰ ਛਕਾਉਂਦਾ ਹੈ।

❖❖❖

### ਭਾਰਤ ਦੇ ਸੁੰਦਰ ਪਿਚਾਈ ਦੀ ਗੂਗਲ ਦੇ ਸੀਈਓ ਵਜੋਂ ਚੋਣ

ਭਾਰਤ ਵਿੱਚ ਜਨਮੇ ਸੁੰਦਰ ਪਿਚਾਈ (43) ਨੂੰ ਆਈਟੀ ਕੰਪਨੀ ਗੂਗਲ ਦਾ ਨਵਾਂ ਸੀਈਓ ਬਨਣ ਦਾ ਮਾਣ ਹਾਸਿਲ ਹੋਇਆ ਹੈ। ਇਹ ਸੁੰਦਰ ਪਿਚਾਈ ਦੀ ਲਗਨ ਤੇ ਸਮਰਪਣ ਦਾ ਨਤੀਜ਼ਾ ਹੈ ਕਿ ਉਹ ਆਈਟੀ ਦੀ ਦੁਨੀਆਂ 'ਚ ਮੋਹਰੀ ਕੰਪਨੀ ਦੇ ਸੀਈਓ ਹੋਣਗੇ। ਆਈ.ਆਈ.ਟੀ. ਖੜਕਪੁਰ ਤੋਂ ਬੀ.ਟੈਕ., ਸਟੈਨਫੋਰਡ ਯੂਨੀਵਰਸਿਟੀ ਤੋਂ ਇੰਜਨੀਅਰਿੰਗ ਅਤੇ ਮਟੀਰੀਅਲਜ਼ ਸਾਇੰਸ ਵਿੱਚ ਐਮ.ਐਸ.ਸੀ. ਅਤੇ ਵਾਰਟਨ ਸਕੂਲ ਤੋਂ ਐਮਬੀਏ ਕਰਨ ਵਾਲੇ ਸ੍ਰੀ ਪਿਚਾਈ ਇਸ ਤੋਂ ਪਹਿਲਾ ਗੂਗਲ ਦੇ ਇੰਟਰਨੈਂਟ ਬਿਜ਼ਨਸ ਲਈ 'ਪ੍ਰੋਡਕਟ ਤੇ ਇੰਜਨੀਅਰਿੰਗ ਦੇ ਇੰਚਾਰਜ ਸਨ। ਉਨ੍ਹਾਂ ਦੀ ਗੂਗਲ ਵਿੱਚ ਸਾਲ 2014 ਵਿੱਚ ਪ੍ਰੋਡਕਟ ਮੈਨਜਮੈਂਟ ਦੇ ਉਪ ਪ੍ਰਧਾਨ ਵਜੋਂ ਨਿਯੁਕਤੀ ਹੋਈ ਸੀ ਜਿਸ ਦੌਰਾਨ ਉਨ੍ਹਾਂ ਨੇ ਗੂਗਲ ਦੀ ਕਰੋਮ ਬ੍ਰਾਊਜ਼ਰ ਅਤੇ ਅਪਰੇਟਿੰਗ ਸਿਸਟਮ ਟੀਮ ਦੀ ਅਗਵਾਈ ਕੀਤੀ।






ਮਹਾਦਾਨੀ ਕਰਨਲ ਜੀ.ਐੱਸ.ਸੈਣੀ ਦੇ 98ਵੇ ਜਨਮ ਦਿਨ ਤੇ ਸੈਣੀ ਭਵਨ ਦੇ ਪ੍ਰਬੰਧਕ ਵਧਾਈ ਦਿੰਦੇ ਹੋਏ

ਸੈਣੀ ਸੰਸਾਰ ਦੇ 18ਵੇਂ ਅੰਕ ਨੂੰ ਜਾਰੀ ਕਰਦੇ ਹੋਏ ਬੀਬੀ ਪ੍ਰਿਤਮ ਕੌਰ ਭਿਉਰਾ ਪ੍ਰਧਾਨ, ਜ਼ਿਲ੍ਹਾ ਅਕਾਲੀ ਦੱਲ (ਇ.) ਦਿਹਾਤੀ ਅਤੇ ਸੈਣੀ ਭਵਨ ਦੇ ਪ੍ਰਬੰਧਕ







ਸਵ: ਸ਼੍ਰੀ ਨੇਕ ਚੰਦ ਸੈਣੀ ਨੂੰ ਸਮਰਪਿਤ ਸੈਣੀ ਭਵਨ ਵਿਖੇ ਖੂਨ ਦਾਨ ਕੈਂਪ ਦਾ ਉਦਘਾਨ ਅਤੇ ਖੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ ਰੂਪਨਗਰ ਦੇ ਐੱਸ.ਪੀ. (ਐੱਚ) ਸ਼੍ਰੀ ਵਿਪਨ ਚੌਧਰੀ




ਪੰਜਾਬੀ ਖੇਤੀਬਾੜੀ ਯੂਨੀਵਰਿਸਟੀ ਦੇ ਖੇਤਰੀ ਕੇਂਦਰ ਬੁੱਲੋਵਾਲ-ਸੋਂਖੜੀ ਵਿਖੇ ਆਯੋਜਿਤ ਪ੍ਰਦਰਸ਼ਣੀ ਦੇਖਦੀਆਂ ਹੋਈਆਂ ਸੈਣੀ ਭਵਨ ਦੀਆਂ ਸਿੱਖਿਆਰਥਣਾਂ

ਤੀਆਂ ਦੇ ਤਿਉਹਾਰ ਸਮੇਂ ਮਹਿੰਦੀ ਲਗਾਉਂਦੀਆਂ ਹੋਈਆਂ ਸੈਣੀ ਭਵਨ ਦੀਆਂ ਸਿੱਖਿਆਰਥਣਾ

